ਸੋਮਵਾਰ, 26 ਅਕਤੂਬਰ, 2026
10 ਕੱਤਕ { ਨਾਨਕਸ਼ਾਹੀ 558 / ਬਿਕਰਮੀ 2083 }
ਜਿਲਦ/VOL. : 75
ਅੰਕ/NO. : 146

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • MONDAY, 26 OCTOBER, 2026 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

YouTube nawan zamana TV

ਕੀਮਤ/PRICE : 5.00 ਰੁਪਏ  Regd. No : L-4/Pb-JL-0023/2024-26, (R.N.I.)-00068/57  E-mail : nawanzamana@gmail.com  www.nawanzamana.in  ਸਫ਼ੇ : 12




# ਪ੍ਰੀਗਾਬਾਲਿਨ ਨਹੀਂ ਮਿਲਣੀ

## ਪੰਜਾਬ ਕੈਮਿਸਟ ਐਸੋਸੀਏਸ਼ਨ ਦੇ ਫੈਸਲੇ ਨਾਲ ਮਰੀਜ਼ ਹੋਣਗੇ ਪ੍ਰੇਸ਼ਾਨ

**ਚੰਡੀਗੜ੍ਹ (ਨ ਜ਼ ਸ)**-ਪੰਜਾਬ ਕੈਮਿਸਟ ਐਸੋਸੀਏਸ਼ਨ (ਪੀ ਸੀ ਏ) ਨੇ ਸੂਬੇ ਭਰ ਵਿੱਚ ਪ੍ਰੀਗਾਬਾਲਿਨ ਸਮੇਤ ਨਸ਼ੇ ਦੀ ਲਤ ਲਾਉਣ ਵਾਲੀਆਂ ਸਾਰੀਆਂ ਦਵਾਈਆਂ ਦੀ ਵਿਕਰੀ 'ਤੇ ਫੌਰੀ ਰੋਕ ਲਗਾਉਣ ਫੈਸਲਾ ਕੀਤਾ ਹੈ। ਇਸ ਕਦਮ ਨਾਲ ਮਰੀਜ਼ਾਂ, ਖਾਸ ਕਰਕੇ ਮਾਨਸਿਕ ਅਤੇ ਹੋਰ ਬਿਮਾਰੀਆਂ ਤੋਂ ਪੀੜਤ ਲੋਕਾਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਜਿਨ੍ਹਾਂ ਨੂੰ ਡਾਕਟਰ ਦੀ ਪਰਚੀ 'ਤੇ ਇਨ੍ਹਾਂ ਦਵਾਈਆਂ ਦੀ ਲੋੜ ਹੁੰਦੀ ਹੈ। ਐਸੋਸੀਏਸ਼ਨ ਦੇ ਯੂਨਿਟ ਪ੍ਰਧਾਨਾਂ, ਸਕੱਤਰਾਂ ਅਤੇ ਮੈਂਬਰਾਂ ਨੂੰ ਇਸ ਫੈਸਲੇ ਦੀ ਸਖਤੀ ਨਾਲ ਪਾਲਣਾ ਯਕੀਨੀ ਬਣਾਉਣ ਅਤੇ ਆਪਣੇ ਖੇਤਰਾਂ ਦੇ ਕੈਮਿਸਟਾਂ ਨੂੰ ਤੁਰੰਤ ਸੂਚਿਤ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਐਸੋਸੀਏਸ਼ਨ ਨੇ ਕੈਮਿਸਟਾਂ ਨੂੰ ਇਹ ਵੀ ਸਲਾਹ ਦਿੱਤੀ ਕਿ ਉਹ ਆਪਣੇ ਮੌਜੂਦਾ ਸਟਾਕ ਨੂੰ ਕਾਨੂੰਨਾਂ ਅਤੇ ਦਵਾਈਆਂ ਵਾਪਸ ਕਰਨ ਦੀ ਪ੍ਰਵਾਨਤ ਪ੍ਰਕਿਰਿਆ ਅਨੁਸਾਰ ਨਿਪਟਾਉਣ। ਪੰਜਾਬ ਕੈਮਿਸਟ ਐਸੋਸੀਏਸ਼ਨ ਦੇ ਮੀਤ ਪ੍ਰਧਾਨ ਸੁਦਰਸ਼ਨ ਚੌਧਰੀ ਨੇ ਦੱਸਿਆ ਕਿ ਲਾਇਸੰਸਸ਼ੁਦਾ ਕੈਮਿਸਟਾਂ ਨੂੰ ਮਨੋਵਿਗਿਆਨਕ ਦਵਾਈਆਂ ਦਾ ਰਿਕਾਰਡ ਰੱਖਣ ਲਈ ਲੰਮੀਆਂ ਪ੍ਰਕਿਰਿਆਵਾਂ ਦਾ ਪਾਲਣ ਕਰਨਾ ਪੈਂਦਾ ਹੈ, ਪਰ ਫਿਰ ਵੀ ਉਨ੍ਹਾਂ ਨੂੰ ਨਸ਼ਾ ਤਸਕਰ ਕਿਹਾ ਜਾ ਰਿਹਾ ਹੈ। ਚੌਧਰੀ ਨੇ ਕਿਹਾ, 'ਸੂਬੇ ਭਰ ਦੇ ਕੈਮਿਸਟਾਂ ਨੇ ਪ੍ਰੀਗਾਬਾਲਿਨ ਸਮੇਤ ਲਤ ਲਾਉਣ ਵਾਲੀਆਂ ਸਾਰੀਆਂ ਦਵਾਈਆਂ ਦੀ ਵਿਕਰੀ ਉੱਤੇ ਰੋਕ ਲਗਾਉਣ ਦਾ ਫੈਸਲਾ ਕੀਤਾ ਹੈ, ਜੋ ਕਿ ਝੋਟਾ ਕਤਲ ਕਾਂਡ ਵਿੱਚ ਵੀ ਵਿਵਾਦਾਂ ਵਿੱਚ ਰਹੀ ਹੈ।' ਹੋਰ ਦਵਾਈਆਂ ਦੇ ਨਾਲ-ਨਾਲ ਪ੍ਰੀਗਾਬਾਲਿਨ ਕੁਝ ਖਾਸ ਬਿਮਾਰੀਆਂ ਲਈ ਦਿੱਤੀ ਜਾਂਦੀ ਹੈ ਅਤੇ ਪਰਚੂਨ ਕੈਮਿਸਟਾਂ ਕੋਲ ਇਸ ਦੀ ਅਚਾਨਕ ਘਾਟ ਉਨ੍ਹਾਂ ਮਰੀਜ਼ਾਂ ਲਈ ਮੁਸ਼ਕਲਾਂ ਪੈਦਾ ਕਰ ਸਕਦੀ ਹੈ, ਜੋ ਨਿਯਮਤ ਇਲਾਜ 'ਤੇ ਨਿਰਭਰ ਹਨ। ਜਦੋਂ ਇਸ ਫੈਸਲੇ ਤੋਂ ਬਾਅਦ ਮਰੀਜ਼ਾਂ ਨੂੰ ਆਉਣ ਵਾਲੀਆਂ ਮੁਸ਼ਕਲਾਂ ਬਾਰੇ ਪੁੱਛਿਆ ਗਿਆ ਤਾਂ ਚੌਧਰੀ ਨੇ ਕਿਹਾ ਕਿ ਮੌਜੂਦਾ ਸਥਿਤੀ ਵਿੱਚ ਸਰਕਾਰ ਨੂੰ ਇਹ ਦਵਾਈਆਂ ਸਰਕਾਰੀ ਦੁਕਾਨਾਂ ਜਾਂ ਡਿਸਪੈਂਸਰੀਆਂ ਰਾਹੀਂ ਉਪਲੱਬਧ ਕਰਵਾਉਣੀਆਂ ਚਾਹੀਦੀਆਂ ਹਨ। ਐਸੋਸੀਏਸ਼ਨ ਨੇ ਕਿਹਾ ਕਿ ਇਹ ਫੈਸਲਾ ਮੌਜੂਦਾ ਸਥਿਤੀ ਨੂੰ ਧਿਆਨ ਵਿੱਚ ਰੱਖਦਿਆਂ ਲਿਆ ਗਿਆ ਹੈ, ਤਾਂ ਜੋ ਜ਼ਿੰਮੇਵਾਰ ਫਾਰਮੇਸੀ ਦੇ ਤੌਰ-ਤਰੀਕਿਆਂ ਅਤੇ ਨਸ਼ਿਆਂ ਦੇ ਦੁਰਉਪਯੋਗ ਵਿਰੁੱਧ ਲੜਾਈ ਪ੍ਰਤੀ ਉਨ੍ਹਾਂ ਦੀ ਵਚਨਬੱਧਤਾ ਨੂੰ ਦਰਸਾਇਆ ਜਾ ਸਕੇ। ਕੈਮਿਸਟ ਐਸੋਸੀਏਸ਼ਨ ਦੇ ਨਿਰਦੇਸ਼ਾਂ ਵਿੱਚ ਸਾਰੇ ਯੂਨਿਟ ਪ੍ਰਧਾਨਾਂ ਅਤੇ ਸਕੱਤਰਾਂ ਨੂੰ ਕਿਹਾ ਗਿਆ ਹੈ ਕਿ ਉਹ ਇਸ ਫੈਸਲੇ ਬਾਰੇ ਆਪਣੇ ਖੇਤਰਾਂ ਦੇ ਕੈਮਿਸਟਾਂ ਨੂੰ ਜਾਣੂ ਕਰਵਾਉਣ ਅਤੇ ਜੇ ਕੋਈ ਮੁਸ਼ਕਲ ਆਉਂਦੀ ਹੈ ਜਾਂ ਸਪੱਸ਼ਟੀਕਰਨ ਚਾਹੀਦਾ ਹੈ, ਤਾਂ ਐਸੋਸੀਏਸ਼ਨ ਨੂੰ ਰਿਪੋਰਟ ਕਰਨ।

## ਮਹਿਲਾ ਡਾਕਟਰ ਦੀ ਕੁੱਟਮਾਰ

**ਰੋਪੜ (ਨ ਜ਼ ਸ)**-ਖਰੜ ਦੇ ਸਬ-ਡਵੀਜ਼ਨਲ ਹਸਪਤਾਲ ਵਿੱਚ ਇਲਾਜ ਲਈ ਗਏ ਇੱਕ ਵਿਅਕਤੀ ਨੇ ਸ਼ਨੀਵਾਰ ਰਾਤ ਮਹਿਲਾ ਮੈਡੀਕਲ ਅਫਸਰ ਨੂੰ ਕਥਿਤ ਤੌਰ 'ਤੇ ਜ਼ਮੀਨ 'ਤੇ ਸੁੱਟ ਦਿੱਤਾ ਅਤੇ ਉਸ ਦੀ ਕਮੀਜ਼ ਪਾੜ ਦਿੱਤੀ। ਸਟਾਫ ਨੇ ਲਗਭਗ ਇੱਕ ਘੰਟੇ ਦੇ ਹੰਗਾਮੇ ਅਤੇ ਕਾਫੀ ਕੋਸ਼ਿਸ਼ਾਂ ਤੋਂ ਬਾਅਦ ਉਸ ਨੂੰ ਕਾਬੂ ਕਰਕੇ ਪੁਲਸ ਦੇ ਹਵਾਲੇ ਕਰ ਦਿੱਤਾ। ਮੁਲਜ਼ਮ ਦੀ ਪਛਾਣ ਖਰੜ ਦੇ ਰਾਮ ਬਾਗ ਇਲਾਕੇ ਨੇੜੇ ਹੀਰਾ ਸਿੰਘ ਨਗਰ ਦੇ ਰਣਜੀਤਪਾਲ ਸਿੰਘ ਵਜੋਂ ਹੋਈ ਹੈ। ਉਸ ਨੂੰ ਸਰਕਾਰੀ ਸੇਵਕ 'ਤੇ ਹਮਲਾ ਕਰਨ ਅਤੇ ਜਨਤਕ ਜਾਇਦਾਦ ਦੀ ਭੰਨਤੋੜ ਕਰਨ ਸਮੇਤ ਹੋਰ ਮਾਮਲਿਆਂ ਵਿੱਚ ਗ੍ਰਿਫਤਾਰ ਕੀਤਾ ਗਿਆ ਹੈ।

ਐਰੋਸਿਟੀ ਮੁਹਾਲੀ ਦੀ ਰਹਿਣ ਵਾਲੀ ਪੀੜਤਾ ਹਰਮਨਪ੍ਰੀਤ ਕੌਰ ਨੇ ਦੱਸਿਆ ਕਿ ਉਹ ਰਾਤ 8 ਵਜੇ ਦੇ ਕਰੀਬ ਡਿਊਟੀ 'ਤੇ ਸੀ, ਜਦੋਂ ਉਹ ਆਦਮੀ ਇਲਾਜ ਲਈ ਆਇਆ। ਜਦੋਂ ਉਹ ਉਸ ਦੀ ਜਾਂਚ ਕਰ ਰਹੀ ਸੀ, ਤਾਂ ਉਸ ਨੇ ਉਸ ਨਾਲ ਕਿਸੇ ਗੱਲ ਨੂੰ ਲੈ ਕੇ ਬਹਿਸ ਕਰਨੀ ਸ਼ੁਰੂ ਕਰ ਦਿੱਤੀ ਅਤੇ ਜਲਦੀ ਹੀ ਉਸ ਦੇ ਵਾਲਾਂ ਤੋਂ ਫੜ ਲਿਆ ਅਤੇ ਉਸ ਦੀ ਕਮੀਜ਼ ਪਾੜ ਦਿੱਤੀ। ਸਟਾਫ ਉਸ ਨੂੰ ਰੋਕਣ ਲਈ ਭੱਜਿਆ, ਤਾਂ ਉਹ ਉਨ੍ਹਾਂ ਨਾਲ ਵੀ ਲੜਨ ਲੱਗ ਪਿਆ। ਪੰਜਾਬ ਸਿਵਲ ਮੈਡੀਕਲ ਸਰਵਿਸਿਜ਼ ਐਸੋਸੀਏਸ਼ਨ ਨੇ ਇੱਕ ਬਿਆਨ ਵਿੱਚ ਕਿਹਾ ਕਿ ਘਟਨਾ ਦੇ ਸਮੇਂ ਖਰੜ ਦੇ ਸਬ-ਡਵੀਜ਼ਨਲ ਹਸਪਤਾਲ ਵਿੱਚ ਕੋਈ ਸੁਰੱਖਿਆ ਪ੍ਰਬੰਧ ਨਹੀਂ ਸੀ। ਬਦਮਾਸ਼ ਨੇ ਮਹਿਲਾ ਡਾਕਟਰ ਨੂੰ ਵਾਲਾਂ ਤੋਂ ਫੜ ਕੇ ਹੇਠਾਂ ਸੁੱਟਿਆ।

## ਝੋਟੇ ਨੂੰ ਇਨਸਾਫ ਲਈ ਮੁੱਖ ਮੰਤਰੀ ਜ਼ਿੰਮੇਵਾਰੀ ਨਿਭਾਉਣ : ਧਾਲੀਵਾਲ




**ਮਾਨਸਾ (ਆਤਮਾ ਸਿੰਘ ਪਮਾਰ)**

ਪਰਵਿੰਦਰ ਸਿੰਘ ਝੋਟਾ ਕਤਲ ਕਾਂਡ ਇਨਸਾਫ ਮੋਰਚੇ ਦਾ ਅੰਦੋਲਨ ਡਰੱਗ ਮਾਫੀਆ ਤੇ ਨਸ਼ਾ ਤਸਕਰਾਂ ਖਿਲਾਫ ਵਿਆਪਕ ਅੰਦੋਲਨ ਬਣ ਕੇ ਅੱਗੇ ਵਧ ਰਿਹਾ ਹੈ ਅਤੇ ਸੂਬੇ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਇਸ ਮਸਲੇ 'ਤੇ ਮੂਕ ਦਰਸ਼ਕ ਬਣਨ ਦੀ ਬਜਾਏ ਮੰਗਾਂ ਮੰਨਣ ਤੇ ਪਰਵਾਰ ਨੂੰ ਇਨਸਾਫ ਦਿਵਾਉਣ ਲਈ ਪਹਿਲ-ਕਦਮੀ ਕਰਦਿਆਂ ਆਪਣੀ ਜ਼ਿੰਮੇਵਾਰੀ ਨਿਭਾਉਣ। ਉਕਤ ਸ਼ਬਦਾਂ ਦਾ ਪ੍ਰਗਟਾਵਾ ਸੀ ਪੀ ਆਈ ਦੇ ਸੂਬਾ ਸਕੱਤਰ ਨਿਰਮਲ ਸਿੰਘ ਧਾਲੀਵਾਲ ਨੇ ਮਾਨਸਾ ਵਿਖੇ ਚੱਲਦੇ ਧਰਨੇ ਨੂੰ ਸੰਬੋਧਨ ਕਰਦਿਆਂ ਕੀਤਾ।ਝੋਟੇ ਦੀ ਕੁਰਬਾਨੀ ਤੇ ਨਸ਼ਾ ਵਿਰੋਧੀ ਮੁਹਿੰਮ ਨੇ ਪੰਜਾਬ ਸਮੇਤ ਸਮੂਹ ਲੋਕਾਂ ਨੂੰ ਹਲੂਣਾ ਦਿੰਦਿਆਂ ਉਨ੍ਹਾ ਕਿਹਾ ਕਿ ਸਰਕਾਰ ਨੂੰ ਜਗਾਉਣ ਲਈ ਇਹ ਮੁਹਿੰਮ ਘਰ-ਘਰ ਤੱਕ ਪਹੁੰਚਾ ਕੇ ਲੋਕਾਂ ਦੀ ਵਿਆਪਕ ਲਾਮਬੰਦੀ ਕਰਨ ਦੀ ਲੋੜ ਹੈ। ਉਨ੍ਹਾ ਡਰੱਗ ਮਾਫੀਆ ਅਤੇ ਨਸ਼ਾ ਤਸਕਰਾਂ ਖਿਲਾਫ ਸਾਂਝੀ ਮੁਹਿੰਮ ਨੂੰ ਜਾਰੀ ਰੱਖਣ ਦਾ ਸੱਦਾ ਦਿੱਤਾ। ਕਾਮਰੇਡ ਧਾਲੀਵਾਲ ਨੇ ਪਰਵਿੰਦਰ ਸਿੰਘ ਝੋਟੇ ਦੇ ਪਰਵਾਰ ਨਾਲ ਦੁੱਖ ਸਾਂਝਾ ਕਰਦਿਆਂ ਐਕਸ਼ਨ ਕਮੇਟੀ ਨੂੰ ਵਿਸ਼ਵਾਸ ਦਿਵਾਇਆ ਕਿ ਨਾਜ਼ੁਕ ਦੌਰ ਤੇ ਸੰਕਟ 'ਚ ਸੀ ਪੀ ਆਈ ਪੰਜਾਬ ਆਪਣੀ ਨੈਤਿਕ ਜ਼ਿੰਮੇਵਾਰੀ ਸਮਝਦਿਆਂ ਇਨਸਾਫ ਦਿਵਾਉਣ ਤੱਕ ਚਟਾਨ ਵਾਂਗ ਖੜ੍ਹੇਗੀ।ਇਸ ਮੌਕੇ ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਕ੍ਰਿਸ਼ਨ ਸਿੰਘ ਚੌਹਾਨ, ਮਾਲੇਰਕੋਟਲਾ ਪਾਰਟੀ ਦੇ ਜ਼ਿਲ੍ਹਾ ਸਹਾਇਕ ਸਕੱਤਰ ਮੁਹੰਮਦ ਖਲੀਲ, ਸ਼ਹਿਰੀ ਸਕੱਤਰ ਰਤਨ ਭੋਲਾ, ਏਟਕ ਆਗੂ ਬੂਟਾ ਸਿੰਘ ਬਰਨਾਲਾ, ਖੇਤ ਮਜ਼ਦੂਰ ਆਗੂ ਸੁਖਦੇਵ ਸਿੰਘ ਪੰਧੇਰ, ਭੂਸ਼ਨ ਸ਼ਰਮਾ, ਗੁਰਦੇਵ ਸਿੰਘ ਦਲੇਲ ਸਿੰਘ ਵਾਲਾ ਤੇ ਗੁਰਚਰਨ ਸਿੰਘ ਭਿੰਡਰ ਆਦਿ ਆਗੂ ਹਾਜ਼ਰ ਸਨ।

## ਰਾਹੁਲ 4 ਨੂੰ ਆਉਣਗੇ ਪੰਜਾਬ



**ਚੰਡੀਗੜ੍ਹ** : ਪੰਜਾਬ ਕਾਂਗਰਸ ਦੇ ਪ੍ਰਧਾਨ ਪਰਗਟ ਸਿੰਘ ਨੇ ਕਿਹਾ ਹੈ ਕਿ ਰਾਹੁਲ ਗਾਂਧੀ 4 ਨਵੰਬਰ ਨੂੰ ਸੰਗਰੂਰ ਜ਼ਿਲ੍ਹੇ ਦਾ ਦੌਰਾ ਕਰਨਗੇ। ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਇਹ ਦੌਰਾ ਕਾਂਗਰਸ ਲਈ ਅਹਿਮ ਹੋਵੇਗਾ। ਉਨ੍ਹਾਂ ਕਿਹਾ ਕਿ ਇਸ ਦੌਰੇ ਨਾਲ ਮਾਲਵਾ ਦੇ ਕੇਂਦਰ ਤੋਂ ਪਾਰਟੀ ਦੀ ਚੋਣ ਮੁਹਿੰਮ ਨੂੰ ਨਵੀਂ ਦਿਸ਼ਾ ਅਤੇ ਰਫ਼ਤਾਰ ਮਿਲੇਗੀ। ਨਾਲ ਹੀ ਪਾਰਟੀ ਦੇ ਆਗੂਆਂ ਅਤੇ ਵਰਕਰਾਂ ਨੂੰ 'ਮਿਸ਼ਨ 2027' ਲਈ ਪੂਰੀ ਤਰ੍ਹਾਂ ਤਿਆਰ ਰਹਿਣ ਦਾ ਸਪੱਸ਼ਟ ਸੁਨੇਹਾ ਵੀ ਮਿਲੇਗਾ।

## ਪੰਜਾਬ ਨੂੰ ਲੋਕਾਂ ਦੇ ਦੁੱਖ-ਦਰਦ ਸਮਝਣ ਵਾਲੇ ਨੁਮਾਇੰਦਿਆਂ ਦੀ ਲੋੜ : ਮਾਨ



**ਧੂਰੀ (ਮੋਹਿਤ ਗਰਗ, ਮਨੋਹਰ ਸਿੰਘ ਸੱਗੂ, ਬਿੰਨੀ ਗਰਗ)**-ਪੰਜਾਬ ਨੂੰ ਸਿੱਖਿਆ ਦੇ ਖੇਤਰ ਵਿੱਚ ਇੱਕ ਅਗਾਂਹਵਧੂ ਕੇਂਦਰ ਵਜੋਂ ਵਿਕਸਤ ਕੀਤਾ ਜਾ ਰਹਾ ਹੈ। ਸਰਕਾਰੀ ਸਕੂਲਾਂ ਦੇ ਸੁਧਾਰ ਵਿੱਚ ਧਨ ਦੀ ਘਾਟ ਨੂੰ ਰੁਕਾਵਟ ਨਹੀਂ ਬਣਨ ਦਿੱਤਾ ਜਾਵੇਗਾ ਅਤੇ ਨੌਜਵਾਨਾਂ ਲਈ ਭਵਿੱਖ ਦੇ ਨਵੇਂ ਰਾਹ ਖੋਲ੍ਹੇ ਜਾ ਰਹੇ ਹਨ। ਧੂਰੀ ਹਲਕੇ ਦੇ ਪਿੰਡ ਬਰੜਵਾਲ ਸਥਿਤ ਦੇਸ਼ ਭਗਤ ਕਾਲਜ ਵਿਖੇ ਖੇਤਰੀ ਯੂਥ ਫੈਸਟੀਵਲ ਦੌਰਾਨ ਨੌਜਵਾਨਾਂ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਉਨ੍ਹਾਂ ਨੂੰ ਵਿੱਦਿਆ ਅਤੇ ਸਖ਼ਤ ਮਿਹਨਤ 'ਤੇ ਧਿਆਨ ਕੇਂਦਰਤ ਕਰਨ ਦਾ ਸੱਦਾ ਦਿੱਤਾ, ਨਾਲ ਹੀ ਇਹ ਵੀ ਕਿਹਾ ਕਿ ਪੰਜਾਬ ਨੂੰ ਅਜਿਹੇ ਚੁਣੇ ਹੋਏ ਨੁਮਾਇੰਦਿਆਂ ਦੀ ਲੋੜ ਹੈ, ਜੋ ਲੋਕਾਂ ਦੇ ਦੁੱਖ-ਦਰਦ ਨੂੰ ਸਮਝ ਸਕਣ।ਯੂਥ ਫੈਸਟੀਵਲਾਂ ਦੀ ਮਹੱਤਤਾ 'ਤੇ ਚਾਨਣਾ ਪਾਉਂਦਿਆਂ ਉਨ੍ਹਾ ਕਿਹਾ ਕਿ ਅਜਿਹੇ ਸਮਾਗਮ ਵਿਦਿਆਰਥੀਆਂ ਨੂੰ ਆਪਣੀ ਛੁਪੀ ਹੋਈ ਪ੍ਰਤਿਭਾ ਪਛਾਨਣ, ਝਿਜਕ ਦੂਰ ਕਰਨ, ਆਤਮ-ਵਿਸ਼ਵਾਸ ਵਧਾਉਣ ਅਤੇ ਅਨੁਸ਼ਾਸਨ, ਮਿਲਵਰਤਨ ਤੇ ਸੁਚੱਜੇ ਮੁਕਾਬਲੇ ਦੀ ਭਾਵਨਾ ਸਿੱਖਣ ਵਿੱਚ ਮਦਦ ਕਰਦੇ ਹਨ। ਇਹ ਮੰਚ ਵਿਦਿਆਰਥੀਆਂ ਨੂੰ ਇੱਕ-ਦੂਜੇ ਤੋਂ ਸਿੱਖਣ, ਆਪਣੀ ਸੋਚ ਦਾ ਦਾਇਰਾ ਵਿਸ਼ਾਲ ਕਰਨ ਅਤੇ ਭਵਿੱਖ ਦੀਆਂ

• ਬਾਕੀ ਸਫਾ 2 'ਤੇ

## ਦੀਵਾਲੀ ਵਿਸ਼ੇਸ਼ ਸਪਲੀਮੈਂਟ


ਰੀਨਾ ਸ਼ਰਮਾ
ਲੋਹੀਆਂ ਖਾਸ
79861-27371


ਮਲਵਿੰਦਰ ਸਿੰਘ
ਬਟਾਲਾ
98550-20576


ਦਿਨੇਸ਼ ਕੁਮਾਰ
ਗੁਰਦਾਸਪੁਰ
94655-83861


ਸੰਜੀਵ ਅਰੋੜਾ
ਜਗਰਾਓਂ
98145-56990


ਰਾਜੀਵ ਗੋਇਲ
ਭਗਤਾ ਭਾਈਕਾ
92179-00426


ਗੁਰਬਚਨ ਸਿੰਘ ਸੋਨੂੰ
ਫਿਰੋਜ਼ਪੁਰ
76968-11113

ਦੀਵਾਲੀ ਦੇ ਸ਼ੁੱਭ ਦਿਹਾੜੇ ਨੂੰ ਸਮਰਪਿਤ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਤ ਕੀਤੇ ਜਾ ਰਹੇ ਹਨ। ਇਸ ਸੰਬੰਧੀ ਇਸ਼ਤਿਹਾਰ ਤੇ ਹੋਰ ਛਪਣਯੋਗ ਸਮੱਗਰੀ ਦੇਣ ਲਈ ਸਾਡੇ ਇਨ੍ਹਾਂ ਪੱਤਰਕਾਰਾਂ ਨਾਲ ਸੰਪਰਕ ਕੀਤਾ ਜਾਵੇ। *-ਜਨਰਲ ਮੈਨੇਜਰ*

## ਪਹਿਲੀ ਦੀ ਦਿੱਲੀ ਰੈਲੀ 'ਚ ਸੀ ਪੀ ਆਈ ਦੀ ਲੁਧਿਆਣਾ ਇਕਾਈ ਵਧ-ਚੜ੍ਹ ਕੇ ਹਿੱਸਾ ਲਵੇਗੀ



**ਲੁਧਿਆਣਾ (ਨ ਜ਼ ਸ)**

ਭਾਰਤੀ ਕਮਿਊਨਿਸਟ ਪਾਰਟੀ (ਸੀ ਪੀ ਆਈ) ਜ਼ਿਲ੍ਹਾ ਲੁਧਿਆਣਾ ਦੀ ਐਗਜ਼ੈਕਟਿਵ ਕਮੇਟੀ ਦੀ ਮੀਟਿੰਗ ਐਤਵਾਰ ਸ਼ਹੀਦ ਕਰਨੈਲ ਸਿੰਘ ਈਸੜੂ ਭਵਨ ਵਿਖੇ ਪਾਰਟੀ ਦੇ ਆਗੂ ਅਤੇ ਮਲੌਦ ਦੀ ਨਗਰ ਕਮੇਟੀ ਦੇ ਮੈਂਬਰ ਭਗਵਾਨ ਸਿੰਘ ਸੋਮਲ ਖੇੜੀ ਦੀ ਪ੍ਰਧਾਨਗੀ ਹੇਠ ਹੋਈ। ਸਭ ਤੋਂ ਪਹਿਲਾਂ ਵਿਛੜੇ ਸਾਥੀਆਂ ਨੂੰ ਦੋ ਮਿੰਟ ਦਾ ਮੌਨ ਰੱਖ ਕੇ ਸ਼ਰਧਾਂਜਲੀ ਦਿੱਤੀ ਗਈ। ਉਪਰੰਤ ਪਾਰਟੀ ਦੇ ਕੌਮੀ ਸਕੱਤਰੇਤ ਦੇ ਮੈਂਬਰ ਬੰਤ ਸਿੰਘ ਬਰਾੜ, ਜੋ ਲੁਧਿਆਣਾ ਜ਼ਿਲ੍ਹੇ ਦੇ ਇੰਚਾਰਜ ਵੀ ਹਨ, ਨੇ ਰਾਸ਼ਟਰੀ, ਅੰਤਰਰਾਸ਼ਟਰੀ ਅਤੇ ਸੂਬੇ ਦੇ ਮੁੱਦਿਆਂ ਬਾਰੇ ਵਿਸਥਾਰ ਨਾਲ ਚਰਚਾ ਕੀਤੀ। ਉਨ੍ਹਾ ਕਿਹਾ ਕਿ ਸਾਰੀ ਦੁਨੀਆ ਇਜ਼ਰਾਈਲ ਦੇ ਆਗੂ ਨੇਤਨਯਾਹੂ ਦੀ ਗਾਜ਼ਾ ਵਿੱਚ ਨਸਲਕੁਸ਼ੀ ਦੀ ਨੀਤੀ ਦੇ ਖਿਲਾਫ ਹੈ, ਪਰ ਸਾਡਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ

• ਬਾਕੀ ਸਫਾ 2 'ਤੇ

## ਅੱਜ-ਨਾਮਾ

ਫੁਰਤੀ ਫੜੀ ਪ੍ਰਸ਼ਾਸਨ ਨੇ ਬਹੁਤ ਲਗਦੀ,
ਦੌਰ ਛਾਪਿਆਂ ਦਾ ਵਾਹਵਾ ਏ ਤੇਜ਼ ਬੇਲੀ।
ਜਿਸ ਵੀ ਥਾਂ ਉੱਪਰ ਵੱਜਾ ਈ ਜਦੋਂ ਛਾਪਾ,
ਰਿਪੋਰਟ ਆਈ ਓਥੋਂ ਸਨਸਨੀਖੇਜ਼ ਬੇਲੀ।
ਤੌਬਾ ਦਵਾਈ ਵਿਕਰੇਤੇ ਕਈ ਕਰਨ ਲੱਗੇ,
ਵਿਵਾਦਤ ਮਾਲ ਤੋਂ ਕਹਿੰਦੇ ਪ੍ਰਹੇਜ਼ ਬੇਲੀ।
ਸੱਭੋ ਕੁਝ ਹੋਵੇ ਕਾਨੂੰਨ ਅਨੁਸਾਰ ਲੱਗਦਾ,
ਸਿਆਸੀ ਦਖਲ ਦਾ ਕਹਿਣ ਪ੍ਰਹੇਜ਼ ਬੇਲੀ।
ਪਿਆ ਪ੍ਰਭਾਵ ਇਹ ਮੁੱਢ ਦੇ ਛਾਪਿਆਂ ਦਾ,
ਚੱਲਦਾ ਗਿਆ ਤਾਂ ਬਣੂੰ ਫਿਰ ਬਾਤ ਬੇਲੀ।
ਮਿਲ ਗਿਆ ਕਿਸੇ ਨੂੰ ਜਦੋਂ ਸਟੇਅ ਕਿਧਰੋਂ,
ਰਹੂਗੀ ਵਿਛੀ ਫਿਰ ਬਾਕੀ ਬਿਸਾਤ ਬੇਲੀ।

-ਤੀਸ ਮਾਰ ਖਾਂ

## ਬ੍ਰਿਟਿਸ਼ ਕੋਲੰਬੀਆ 'ਚ ਕੰਜ਼ਰਵੇਟਿਵਾਂ ਨੂੰ ਮਿਲਿਆ ਦੋ-ਤਿਹਾਈ ਬਹੁਮਤ

### ਜੇਤੂਆਂ 'ਚ ਡਾ. ਹਰਬ ਧਾਲੀਵਾਲ, ਨਿੱਕੀ ਸ਼ਰਮਾ, ਗੈਰੀ ਪੁਰੇਵਾਲ, ਰਾਜ ਚੌਹਾਨ, ਗੈਰੀ ਥਿੰਦ, ਹਰਮਨ ਭੰਗੂ ਸ਼ਾਮਲ

**ਵੈਨਕੂਵਰ** : ਕੈਨੇਡਾ ਦੇ ਪੱਛਮੀ ਤੱਟੀ ਸੂਬੇ ਬ੍ਰਿਟਿਸ਼ ਕੋਲੰਬੀਆ ਵਿੱਚ ਹੋਈਆਂ ਮੱਧਕਾਲੀ ਚੋਣਾਂ ਵਿੱਚ ਸੱਤਾਧਾਰੀ ਐੱਨ ਡੀ ਪੀ ਨੂੰ ਬੁਰੀ ਤਰ੍ਹਾਂ ਹਾਰ ਦਾ ਮੂੰਹ ਦੇਖਣਾ ਪਿਆ। 17 ਅਗਸਤ 2024 ਨੂੰ ਬੀ ਸੀ ਐੱਨ ਡੀ ਪੀ ਨੇ ਗ੍ਰੀਨ ਪਾਰਟੀ ਦੇ ਦੋ ਵਿਧਾਇਕਾਂ ਦੇ ਸਹਿਯੋਗ ਨਾਲ ਜੌਹਨ ਹੋਰਗਨ ਦੀ ਅਗਵਾਈ ਵਿੱਚ ਸੱਤਾ ਸੰਭਾਲੀ ਸੀ। ਸਰਕਾਰ ਦੇ ਕਾਰਜਕਾਲ ਵਿੱਚ ਅਜੇ ਦੋ ਸਾਲ ਬਾਕੀ ਸਨ। ਬੁਰੀ ਤਰ੍ਹਾਂ ਵੰਡੀ ਹੋਈ ਅਤੇ ਬਿਨਾਂ ਪੱਕੇ ਆਗੂ ਤੋਂ ਵਿਚਰ ਰਹੀ ਵਿਰੋਧੀ ਬੀ ਸੀ ਕੰਜ਼ਰਵੇਟਿਵ ਪਾਰਟੀ ਦੀ ਸਥਿਤੀ ਦਾ ਫਾਇਦਾ ਚੁੱਕਦਿਆਂ ਮੁੱਖ ਮੰਤਰੀ ਡੇਵਿਡ ਈਬੀ ਨੇ ਆਪਣੀ ਮਨਮਰਜ਼ੀ ਨਾਲ ਡੇਢ ਕੁ ਮਹੀਨਾ ਪਹਿਲਾਂ ਵਿਧਾਨ ਸਭਾ ਭੰਗ ਕਰਕੇ ਮੱਧਕਾਲੀ ਚੋਣਾਂ ਦਾ ਐਲਾਨ ਕਰ ਦਿੱਤਾ ਸੀ, ਪਰ ਚਾਰ ਸਾਲ ਹੋਰ ਲੈਣ ਦੇ ਚੱਕਰ ਵਿੱਚ ਉਹ ਰਹਿੰਦੇ ਦੋ ਸਾਲ ਵੀ ਗੁਆ ਬੈਠੇ। 93 ਸੀਟਾਂ ਵਾਲੀ ਵਿਧਾਨ ਸਭਾ ਵਿੱਚ ਬੀ ਸੀ ਕੰਜ਼ਰਵੇਟਿਵਾਂ ਨੇ ਕਾਰਜਕਾਰੀ ਆਗੂ ਲੌਰਨ ਡੌਰਕਸਨ ਦੀ ਅਗਵਾਈ ਹੇਠ 62 ਸੀਟਾਂ 'ਤੇ ਜਿੱਤ ਹਾਸਲ ਕੀਤੀ ਹੈ। ਬੀ ਸੀ ਐੱਨ ਡੀ ਪੀ 18 ਵਿਧਾਇਕ ਗੁਆ ਕੇ 29 ਦੇ ਅੰਕੜੇ 'ਤੇ ਸੁੰਗੜ ਗਈ। ਗ੍ਰੀਨ ਪਾਰਟੀ ਨੇ ਆਪਣੀ ਵੋਟ ਪ੍ਰਤੀਸ਼ਤਤਾ ਤਾਂ ਵਧਾ ਲਈ, ਪਰ ਸੀਟਾਂ ਦੋ ਤੋਂ ਵੱਧ ਨਹੀਂ ਕਰ ਸਕੀ। 56 ਲੱਖ ਦੀ ਆਬਾਦੀ ਵਾਲੇ ਸੂਬੇ ਵਿੱਚ ਕਰੀਬ ਸਾਢੇ 37 ਲੱਖ ਵੋਟਰ ਹਨ, ਜਿਨ੍ਹਾਂ ਵਿੱਚੋਂ ਅੱਧੇ ਤੋਂ ਵੀ ਘੱਟ ਨੇ ਆਪਣੇ ਵੋਟ ਦੇ ਹੱਕ ਦੀ ਵਰਤੋਂ ਕੀਤੀ। ਪੰਜਾਬੀਆਂ ਦੀ ਵੱਡੀ ਵਸੋਂ ਵਾਲੇ ਸ਼ਹਿਰ ਸਰੀ ਦੇ ਵੋਟਰਾਂ ਨੇ ਪਹਿਲੀ ਵਾਰ ਸ਼ਹਿਰ ਦੀਆਂ ਸਾਰੀਆਂ 10 ਸੀਟਾਂ ਕੰਜ਼ਰਵੇਟਿਵਾਂ ਦੀ ਝੋਲੀ ਪਾ ਕੇ ਰਿਕਾਰਡ

• ਬਾਕੀ ਸਫਾ 2 'ਤੇ



ਨਵਾਂ ਜ਼ਮਾਨਾ
ਸੋਮਵਾਰ, 26 ਅਕਤੂਬਰ 2026

# ਪੱਛਮ ਦੇ ਅੰਦੋਲਨਾਂ ਦਾ ਭਵਿੱਖ

ਫਰਾਂਸ ਦੀ ਪ੍ਰਮੁੱਖ ਖੱਬੇ-ਪੱਖੀ ਪਾਰਟੀ, ਲਾ ਫਰਾਂਸ ਇਨਸੂਮਾਈਸ (ਐੱਲ ਐੱਫ ਆਈ) ਦੇ ਨੇਤਾ ਜੀਨ-ਲੂਕ ਮੇਲੇਨਚੋਨ ਨੇ ਫਰਾਂਸ ਅਤੇ ਦੁਨੀਆ-ਭਰ ਦੇ ਕਈ ਦੇਸ਼ਾਂ ਵਿੱਚ ਨੌਜਵਾਨਾਂ/ਲੋਕ ਅੰਦੋਲਨਾਂ ਕਾਰਨ ਹੋ ਰਹੀ ਉਥਲ-ਪੁਥਲ ਦਰਮਿਆਨ ਕਿਹਾ ਹੈ ਕਿ ਦੁਨੀਆ ਇਤਿਹਾਸ ਦੇ ਇੱਕ ਮਹਾਨ ਪਲ ਵਿੱਚੋਂ ਗੁਜ਼ਰ ਰਹੀ ਹੈ। ਹਰ ਕੋਨੇ ਵਿੱਚ ਵਿਦਿਆਰਥੀ ਅੰਦੋਲਨ ਹੋ ਰਹੇ ਹਨ...ਨਵਉਦਾਰਵਾਦ ਨੇ ਹਰ ਥਾਂ ਜਨਤਕ ਸੇਵਾਵਾਂ ਅਤੇ ਮਜ਼ਦੂਰਾਂ ਦੀਆਂ ਪ੍ਰਾਪਤੀਆਂ ਨੂੰ ਤਬਾਹ ਕਰ ਦਿੱਤਾ ਹੈ ਅਤੇ ਆਮ ਲੋਕਾਂ ਲਈ ਅਸਹਿਣਯੋਗ ਹਾਲਾਤ ਪੈਦਾ ਕਰ ਦਿੱਤੇ ਹਨ। ਅਜਿਹੇ ਅੰਦੋਲਨ ਉਦੋਂ ਪੈਦਾ ਹੁੰਦੇ ਹਨ, ਜਦੋਂ ਦੁਨੀਆ-ਭਰ ਦੀ ਆਬਾਦੀ ਦੀ ਬਹੁਗਿਣਤੀ ਤੋਂ ਸਵੈ-ਨਿਰਭਰਤਾ ਦੀ ਉਮੀਦ ਖੋਹ ਲਈ ਜਾਂਦੀ ਹੈ।

ਕਈ ਦੇਸ਼ਾਂ ਵਿੱਚ ਚੱਲ ਰਹੇ ਵਿਰੋਧ ਪ੍ਰਦਰਸ਼ਨਾਂ ਦੇ ਵਿਚਕਾਰ, ਫਰਾਂਸ ਨੇ ਸਭ ਤੋਂ ਵੱਧ ਵਿਸ਼ਵਵਿਆਪੀ ਧਿਆਨ ਖਿੱਚਿਆ ਹੈ। ਫਰਾਂਸ ਵਿੱਚ ਜਨਤਕ ਅਸ਼ਾਂਤੀ ਦੇ ਕਾਰਨਾਂ ਦਾ ਵਰਣਨ ਕਰਦੇ ਹੋਏ ਮੇਲੇਨਚੋਨ ਨੇ ਕਿਹਾ, "ਲੋਕ ਭੁੱਖੇ ਹਨ। ਉਨ੍ਹਾਂ ਕੋਲ ਘਰ ਜਾਣ ਲਈ ਆਪਣੀਆਂ ਕਾਰਾਂ 'ਚ ਤੇਲ ਭਰਨ ਜੋਗੇ ਪੈਸੇ ਨਹੀਂ ਹਨ। 90 ਲੱਖ ਲੋਕ ਗਰੀਬੀ ਵਿੱਚ ਜੀ ਰਹੇ ਹਨ। ਵਿਦਿਆਰਥੀਆਂ ਨੂੰ ਇੱਕ ਯੂਰੋ ਦੀ ਕੀਮਤ ਵਾਲੇ ਭੋਜਨ ਲਈ ਕਤਾਰਾਂ ਵਿੱਚ ਖੜ੍ਹੇ ਹੋਣ ਲਈ ਮਜਬੂਰ ਕੀਤਾ ਜਾਂਦਾ ਹੈ।"

ਫਰਾਂਸ ਦੇ ਨਾਲ-ਨਾਲ ਪੁਰਤਗਾਲ, ਸਪੇਨ, ਸਰਬੀਆ, ਇਟਲੀ ਤੇ ਯੂਨਾਨ ਵਿੱਚ ਵੀ ਵਿਦਿਆਰਥੀ ਤੇ ਨੌਜਵਾਨ ਸੜਕਾਂ 'ਤੇ ਹਨ।

ਇਸ ਸੰਕਟ ਨੇ ਯੂਰਪੀ ਦੇਸ਼ਾਂ ਦੀ ਲੋਕਤੰਤਰ ਪ੍ਰਤੀ ਵਚਨਬੱਧਤਾ ਦੇ ਅਸਲ ਸੁਭਾਅ ਨੂੰ ਉਜਾਗਰ ਕਰ ਦਿੱਤਾ ਹੈ। ਫਰਾਂਸ ਇਸ ਦੀ ਇੱਕ ਪ੍ਰਮੁੱਖ ਮਿਸਾਲ ਹੈ। ਸਪੱਸ਼ਟ ਤੌਰ 'ਤੇ, ਵਿਰੋਧ ਪ੍ਰਦਰਸ਼ਨਾਂ ਦੀ ਇਸ ਲਹਿਰ ਨੇ ਇਹ ਖੁਲਾਸਾ ਕੀਤਾ ਹੈ ਕਿ ਨਵਉਦਾਰਵਾਦੀ ਨੀਤੀਆਂ ਨੇ ਸਭ ਤੋਂ ਅਮੀਰ ਸਮਾਜਾਂ ਨੂੰ ਵੀ ਕਮਜ਼ੋਰ ਕਰ ਦਿੱਤਾ ਹੈ। ਇਸ ਸਮੇਂ ਦੌਰਾਨ, ਸਰਕਾਰਾਂ ਨੇ ਜਨਤਕ ਭਲਾਈ ਖਰਚਿਆਂ ਨੂੰ ਘਟਾਉਣ ਲਈ ਨੀਤੀਆਂ ਅਪਣਾਈਆਂ ਅਤੇ ਪਹਿਲਾਂ ਤੋਂ ਹੀ ਅਮੀਰਾਂ ਨੂੰ ਵੱਧ ਤੋਂ ਵੱਧ ਦੌਲਤ ਦੇ ਤਬਾਦਲੇ ਦਾ ਰਾਹ ਪੱਧਰਾ ਕੀਤਾ। ਨਵੀਂ ਪੈਦਾ ਹੋਈ ਦੌਲਤ ਕੁਝ ਲੋਕਾਂ ਦੇ ਹੱਥਾਂ ਵਿੱਚ ਕੇਂਦ੍ਰਿਤ ਹੋ ਗਈ, ਜਿਸ ਨਾਲ ਅਸਮਾਨਤਾ ਵਧ ਗਈ। ਦੂਜੇ ਪਾਸੇ ਸਿੱਖਿਆ, ਸਿਹਤ ਅਤੇ ਬੁਨਿਆਦੀ ਢਾਂਚੇ 'ਤੇ ਖਰਚ ਵਿੱਚ ਕਟੌਤੀ ਨੇ ਆਮ ਲੋਕਾਂ ਦੇ ਜੀਵਨ ਪੱਧਰ ਵਿੱਚ ਗਿਰਾਵਟ ਨੂੰ ਹੋਰ ਵਧਾ ਦਿੱਤਾ। ਹਥਿਆਰ ਉਦਯੋਗ ਦੇ ਦਬਾਅ ਹੇਠ ਹਾਕਮ ਵਰਗਾਂ ਨੇ ਜੰਗ-ਭੜਕਾਊ ਨੀਤੀਆਂ ਅਪਣਾਈਆਂ, ਪਰ ਜੰਗਾਂ ਦੇ ਨਤੀਜੇ ਵਜੋਂ ਊਰਜਾ ਸੰਕਟ ਅਤੇ ਅਸਮਾਨ ਛੂਹ ਰਹੀ ਮਹਿੰਗਾਈ ਹੋਈ ਹੈ। ਨਤੀਜੇ ਸੜਕਾਂ 'ਤੇ ਦਿਖਾਈ ਦੇ ਰਹੇ ਹਨ।

ਹਾਲਾਂਕਿ ਅਜੇ ਵੀ ਇਹ ਸਵਾਲ ਹੈ : ਕੀ ਇਹ ਅੰਦੋਲਨ ਸੱਚਮੁੱਚ ਤਸਵੀਰ ਬਦਲ ਦੇਣਗੇ? ਜਾਂ ਕੀ ਇਹ ਜਨਤਕ ਗੁੱਸੇ ਦਾ ਇੱਕ ਪਲ ਭਰ ਦਾ ਪ੍ਰਗਟਾਵਾ ਬਣੇ ਰਹਿਣਗੇ? ਵਰਤਮਾਨ ਵਿੱਚ, ਸਥਿਤੀ ਇਹ ਹੈ ਕਿ ਫਰਾਂਸ ਤੋਂ ਇਲਾਵਾ ਅੰਦੋਲਨਾਂ ਵਾਲੇ ਕਿਸੇ ਵੀ ਹੋਰ ਦੇਸ਼ ਕੋਲ ਇੱਕ ਮਜ਼ਬੂਤ ਸਿਆਸੀ ਗਰੁੱਪ ਨਹੀਂ ਹੈ, ਜੋ ਉੱਭਰ ਰਹੇ ਹਾਲਾਤ ਨੂੰ ਸਥਾਈ ਤਬਦੀਲੀ ਵਿੱਚ ਬਦਲਣ ਦੇ ਸਮਰੱਥ ਹੋਵੇ। ਫਰਾਂਸ ਵਿੱਚ ਵੀ ਮੇਲੇਨਚੋਨ ਇੱਕੋ-ਇੱਕ ਵਿਕਲਪ ਬਣੇ ਹੋਏ ਹਨ, ਪਰ ਪੂਰਾ ਫਰਾਂਸੀਸੀ ਹਾਕਮ ਵਰਗ ਉਨ੍ਹਾ ਦੇ ਵਿਰੁੱਧ ਇਕੱਠਾ ਹੋ ਗਿਆ ਹੈ। ਅੰਦੋਲਨ ਵਾਲੇ ਦੇਸ਼ਾਂ ਵਿੱਚ ਅਜਿਹੇ ਆਗੂ ਨਜ਼ਰ ਨਹੀਂ ਆ ਰਹੇ, ਜਿਨ੍ਹਾਂ ਪਿੱਛੇ ਲੋਕ ਇਕਮੁੱਠ ਹੋ ਕੇ ਚੱਲਣ ਲਈ ਤਿਆਰ ਹੋ ਜਾਣ, ਪਰ ਸਥਿਤੀਆਂ ਕੁਝ ਨਵਾਂ ਹੋਣ ਵਾਪਰਨ ਦਾ ਸੰਕੇਤ ਦੇ ਰਹੀਆਂ ਹਨ। ਇਸ ਲਈ ਮੌਜੂਦਾ ਘਟਨਾਵਾਂ ਨੂੰ ਸੰਭਾਵਨਾਵਾਂ ਦੇ ਸਰੋਤ ਵਜੋਂ ਵੇਖਣਾ ਇੱਕ ਵਾਜਬ ਪਹੁੰਚ ਹੋਵੇਗੀ।

## ਬਚਦੇ ਦੀਵੇ !

ਭੀੜਾਂ ਪਿੱਛੇ ਜਾ ਕੇ ਤੁੱਕੇ ਲੱਗ ਜਾਂਦੇ ਨੇ ਕਦੇ-ਕਦੇ,
ਰਾਜਨੀਤੀ ਲਈ ਮਗਰ ਭੀੜਾਂ ਨੂੰ ਲਾਉਣਾ ਪੈਂਦਾ ਹੈ।
ਵਹੇ-ਵਹਾਏ ਖੇਤ ਵੀ ਅਕਸਰ ਮਿਲਦੇ ਦੇਖੇ ਨੇ,
ਹੋਂਦ ਦੱਸਣ ਲਈ ਖੇਤਾਂ ਨੂੰ ਖੁਦ ਵਾਹੁਣਾ ਪੈਂਦਾ ਹੈ।
ਤਕਦੀਰਾਂ ਅਤੇ ਤਦਬੀਰਾਂ ਵਿੱਚ ਬੜਾ ਅੰਤਰ ਹੁੰਦਾ ਏ,
ਪੰਛੀਆਂ ਨੂੰ ਆਲ੍ਹਣਾ ਆਪ ਬਣਾਉਣਾ ਪੈਂਦਾ ਹੈ।
ਲੋਕ ਭਰੋਸਾ ਜਿੱਤਣਾ ਕੋਈ ਮਾਮੂਲੀ ਬਾਤ ਨਹੀਂ,
ਤਲੀਆਂ ਉੱਤੇ ਸਰ੍ਹੋਂ ਦਾ ਬੀਜ ਉਗਾਉਣਾ ਪੈਂਦਾ ਹੈ।
ਟਿੱਲੇ ਵਾਲੀ ਫਕੀਰੀ ਐਵੇਂ ਮਿਲਦੀ ਨਹੀਂ ਹੁੰਦੀ,
ਗਲੀ-ਗਲੀ ਵਿੱਚ ਜਾ ਕੇ ਅਲਖ ਜਗਾਉਣਾ ਪੈਂਦਾ ਹੈ।
ਬੁਝ ਜਾਂਦੇ ਨੇ ਚਲਦੀਆਂ ਹੋਈਆਂ ਹਵਾਵਾਂ ਵਿੱਚ,
ਬਚਦੇ ਦੀਵਿਆਂ ਦੇ ਨਾਲ ਦੀਪ ਜਗਾਉਣਾ ਪੈਂਦਾ ਹੈ।

-ਗੁਲਪੁਰ

# ਬੱਚਿਆਂ ਦਾ ਇੰਟਰਨੈੱਟ ਅਧਿਕਾਰ ਅਤੇ ਆਨਲਾਈਨ ਸੁਰੱਖਿਆ



ਵਿੰਕਲਜੀਤ ਸਿੰਘ ਸਰਾ

ਅਜੋਕੇ ਵਿਗਿਆਨਕ ਅਤੇ ਡਿਜੀਟਲ ਯੁੱਗ ਵਿੱਚ ਇੰਟਰਨੈੱਟ ਕੇਵਲ ਸੰਚਾਰ ਦਾ ਸਾਧਨ ਨਹੀਂ ਰਿਹਾ, ਸਗੋਂ ਮਨੁੱਖੀ ਹੋਂਦ, ਗਿਆਨ ਅਤੇ ਰੋਜ਼ਮਰਾ ਦੀ ਜ਼ਿੰਦਗੀ ਦਾ ਇੱਕ ਅਨਿੱਖੜਵਾਂ ਅੰਗ ਬਣ ਚੁੱਕਾ ਹੈ। ਵਿਸ਼ੇਸ਼ ਤੌਰ 'ਤੇ ਨਵੀਂ ਪੀੜ੍ਹੀ ਯਾਨੀ ਬੱਚਿਆਂ ਅਤੇ ਕਿਸ਼ੋਰਾਂ ਲਈ ਇਹ ਵਰਤਾਰਾ ਹੋਰ ਵੀ ਨਾਜ਼ੁਕ ਅਤੇ ਅਹਿਮ ਬਣ ਜਾਂਦਾ ਹੈ। ਅੱਜ ਸਵਾਲ ਇਹ ਨਹੀਂ ਕਿ ਬੱਚੇ ਇੰਟਰਨੈੱਟ ਵਰਤਣ ਜਾਂ ਨਾ ਵਰਤਣ, ਸਗੋਂ ਸਵਾਲ ਇਹ ਹੈ ਕਿ ਉਹ ਕੀ ਸਿੱਖਦੇ ਹਨ, ਕਿੰਨੇ ਸੁਰੱਖਿਅਤ ਹਨ ਅਤੇ ਔਕੜ ਵੇਲੇ ਉਨ੍ਹਾਂ ਕੋਲ ਮਦਦ ਦਾ ਕੀ ਰਸਤਾ ਹੈ। ਸਿਰਫ਼ ਬੱਚੇ ਦੇ ਹੱਥ ਵਿੱਚ ਸਮਾਰਟਫ਼ੋਨ ਥਮਾ ਦੇਣਾ ਡਿਜੀਟਲ ਅਧਿਕਾਰ ਦੀ ਪੂਰਤੀ ਨਹੀਂ ਅਤੇ ਨਾ ਹੀ ਅੰਨ੍ਹੇਵਾਹ ਪਾਬੰਦੀਆਂ ਲਾ ਕੇ ਉਨ੍ਹਾਂ ਦੇ ਮਾਨਸਿਕ ਵਿਕਾਸ ਨੂੰ ਰੋਕਿਆ ਜਾ ਸਕਦਾ ਹੈ। ਹਰ ਬੱਚੇ ਦੀ ਡਿਜੀਟਲ ਜ਼ਿੰਦਗੀ ਨੂੰ ਇੱਕੋ ਲਾਠੀ ਨਾਲ ਹਿੱਕਣ ਦੀ ਥਾਂ ਉਸ ਦੀ ਉਮਰ, ਸਮਝ ਅਤੇ ਪਰਵਾਰਕ ਪਰਿਵੇਸ਼ ਨੂੰ ਸਮਝਣਾ ਜ਼ਰੂਰੀ ਹੈ।

ਦੇਸ਼ ਦੀ ਸਰਵਉਚ ਅਦਾਲਤ ਨੇ 15 ਅਕਤੂਬਰ 2026 ਨੂੰ ਸੁਣਾਏ ਆਪਣੇ ਇਤਿਹਾਸਕ ਆਦੇਸ਼ ਰਾਹੀਂ ਇਸ ਵਿਸ਼ੇ ਨੂੰ ਸੰਵਿਧਾਨਕ ਪਰਿਪੇਖ ਵਿੱਚ ਸਪੱਸ਼ਟ ਕਰ ਦਿੱਤਾ ਹੈ। ਅਦਾਲਤ ਨੇ ਦ੍ਰਿੜ੍ਹਤਾ ਨਾਲ ਮੰਨਿਆ ਕਿ ਸੰਵਿਧਾਨ ਦੇ ਅਨੁਛੇਦ 21 ਅਧੀਨ ਜੀਵਨ ਅਤੇ ਨਿੱਜੀ ਆਜ਼ਾਦੀ ਅਤੇ ਅਨੁਛੇਦ 19 (1) (ਏ) ਅਧੀਨ ਵਿਚਾਰ ਪ੍ਰਗਟਾਵੇ ਦੇ ਦਾਇਰੇ ਵਿੱਚ ਇੰਟਰਨੈੱਟ ਤੱਕ ਪਹੁੰਚ ਹਰ ਨਾਗਰਿਕ ਦੇ ਨਾਲ-ਨਾਲ ਬੱਚਿਆਂ ਦਾ ਵੀ ਮੌਲਿਕ ਅਧਿਕਾਰ ਹੈ। ਅਦਾਲਤ ਨੇ ਪੂਰਨ ਪਾਬੰਦੀ ਲਗਾਉਣ ਦੀ ਧਾਰਨਾ ਨੂੰ ਨਕਾਰਦਿਆਂ ਉਮਰ ਅਨੁਸਾਰ ਢੁਕਵੇਂ ਸੁਰੱਖਿਆ ਪ੍ਰਬੰਧਾਂ ਅਤੇ ਹਾਨੀਕਾਰਕ ਸਮੱਗਰੀ ਉੱਤੇ ਸਖ਼ਤ ਰੋਕਥਾਮ ਦੀ ਵਕਾਲਤ ਕੀਤੀ ਹੈ। ਚਾਈਲਡ ਮੋਡ ਅਤੇ ਮਾਪਿਆਂ ਦੀ ਨਿਗਰਾਨੀ ਵਾਲੇ ਵਿਹਾਰਕ ਕਦਮਾਂ ਨੂੰ ਲਾਗੂ ਕਰਨ ਦੇ ਤਕਨੀਕੀ ਵੇਰਵੇ ਸਰਕਾਰ ਦੇ ਅਧਿਕਾਰ ਖੇਤਰ ਉੱਤੇ ਛੱਡੇ ਗਏ ਹਨ। ਇਸ ਦੇ ਨਾਲ ਹੀ ਬਾਲ ਜਿਨਸੀ ਸ਼ੋਸ਼ਣ ਵਰਗੇ ਘਿਨਾਉਣੇ ਅਪਰਾਧਾਂ ਦੀ ਰੋਕਥਾਮ ਲਈ ਇੱਕ ਕੇਂਦਰੀ ਰਾਸ਼ਟਰੀ ਹੈਸ਼ ਅਤੇ ਵੈੱਬ-ਐਡਰੈੱਸ ਡਾਟਾਬੇਸ ਸਥਾਪਤ ਕਰਨ ਦਾ ਆਦੇਸ਼ ਦਿੱਤਾ ਗਿਆ ਹੈ। ਕਿਸੇ ਵੀ ਸਮੱਗਰੀ ਨੂੰ ਇਸ ਸੂਚੀ ਵਿੱਚ ਦਰਜ ਕਰਨ ਤੋਂ ਪਹਿਲਾਂ ਘੱਟੋ-ਘੱਟ ਤਿੰਨ ਸਿਖਲਾਈਯਾਫ਼ਤਾ ਸੁਤੰਤਰ ਜਾਂਚਕਰਤਾਵਾਂ ਦੀ ਪੁਸ਼ਟੀ ਲਾਜ਼ਮੀ ਹੋਵੇਗੀ ਅਤੇ ਗੈਰ-ਕਾਨੂੰਨੀ ਕਮਾਈ ਨੂੰ ਜ਼ਬਤ ਕਰਨ ਦਾ ਪ੍ਰਬੰਧ ਵੀ ਤੈਅ ਕੀਤਾ ਗਿਆ ਹੈ। ਡਾਟਾਬੇਸ ਵਿੱਚ ਪਹਿਲਾਂ ਤੋਂ ਦਰਜ ਸਮੱਗਰੀ ਨੂੰ ਤੁਰੰਤ ਹਟਾਉਣਾ ਅਤੇ ਨਵੀਆਂ ਸ਼ਿਕਾਇਤਾਂ ਦੇ ਨਿਪਟਾਰੇ ਨੂੰ ਜਵਾਬਦੇਹ ਬਣਾਉਣਾ ਇੱਕ ਠੋਸ ਅਤੇ ਸਾਰਥਕ ਕਦਮ ਹੈ।

ਸਿੱਖਿਆ ਦੇ ਖੇਤਰ ਵਿੱਚ ਇੰਟਰਨੈੱਟ ਨੇ ਪੇਂਡੂ ਅਤੇ ਸ਼ਹਿਰੀ ਖੇਤਰ ਦੇ ਪਾੜੇ ਨੂੰ ਮਿਟਾ ਕੇ ਗਿਆਨ ਦੀ ਪਹੁੰਚ ਨੂੰ ਲੋਕਤੰਤਰੀ ਬਣਾਇਆ ਹੈ। ਇੱਕ ਵਿਗਿਆਨਕ ਪ੍ਰਯੋਗ ਦੀ ਵੀਡੀਓ, ਡਿਜੀਟਲ ਲਾਇਬ੍ਰੇਰੀ ਜਾਂ ਭਾਸ਼ਾ ਸਿੱਖਣ ਵਾਲੀ ਐਪ ਕਿਸੇ ਵੀ ਬੱਚੇ ਨੂੰ ਆਪਣੀ ਰਫ਼ਤਾਰ ਨਾਲ ਸਿੱਖਣ ਦੀ ਖੁੱਲ੍ਹ ਦਿੰਦੀ ਹੈ। ਖ਼ਾਸ ਲੋੜਾਂ ਵਾਲੇ ਅਤੇ ਦਿਵਿਆਂਗ ਬੱਚਿਆਂ ਲਈ ਆਡੀਓ-ਵਿਜ਼ੂਅਲ ਸਹਾਇਕ ਤਕਨੀਕ ਬਹੁਤ ਲਾਹੇਵੰਦ ਸਾਬਤ ਹੋ ਰਹੀ ਹੈ। ਯੂਨੈਸਕੋ ਵੱਲੋਂ ਜਾਰੀ ਸਿੱਖਿਆ ਰਿਪੋਰਟਾਂ ਵਿੱਚ ਇਹ ਨੁਕਤਾ ਸਾਫ਼ ਤੌਰ ਉੱਤੇ ਉੱਭਰਿਆ ਹੈ ਕਿ ਕਿਸੇ ਸਕੂਲ ਦੀ ਕਾਰਗੁਜ਼ਾਰੀ ਸਿਰਫ਼ ਵੰਡੇ ਗਏ ਟੈਬਲੈੱਟਾਂ ਜਾਂ ਕੰਪਿਊਟਰਾਂ ਦੀ ਗਿਣਤੀ ਨਾਲ ਨਹੀਂ ਮਿਣੀ ਜਾ ਸਕਦੀ। ਅਸਲ ਮਾਪਦੰਡ ਇਹ ਹੈ ਕਿ ਕੀ ਇਸ ਨਾਲ ਵਿਦਿਆਰਥੀ ਦੀ ਬੌਧਿਕ ਸਮਰੱਥਾ, ਸੋਚਣ ਦੀ ਸ਼ਕਤੀ ਅਤੇ ਸਵਾਲ ਹੱਲ ਕਰਨ ਦੀ ਯੋਗਤਾ ਵਿੱਚ ਵਾਧਾ ਹੋਇਆ ਹੈ। ਤਕਨੀਕ ਅਧਿਆਪਕ ਅਤੇ ਜਮਾਤੀ ਮਾਹੌਲ ਦੀ ਥਾਂ ਨਹੀਂ ਲੈ ਸਕਦੀ, ਸਗੋਂ ਇਹ ਮਨੁੱਖੀ ਸੰਵਾਦ ਦੀ ਪੂਰਕ ਬਣਨੀ ਚਾਹੀਦੀ ਹੈ। ਸਿਰਫ਼ ਸਕ੍ਰੀਨ ਦੇਖਣਾ ਕਾਫ਼ੀ ਨਹੀਂ, ਸਰੋਤਾਂ ਦੀ ਸਚਾਈ ਪਰਖਣਾ, ਗ਼ਲਤ ਜਾਣਕਾਰੀ ਦੀ ਪਛਾਣ ਕਰਨਾ ਅਤੇ ਨਿੱਜਤਾ ਦੀਆਂ ਸੈਟਿੰਗਾਂ ਨੂੰ ਸਮਝਣਾ ਹੀ ਅਸਲ ਡਿਜੀਟਲ ਹੁਨਰ ਹੈ। ਇਸ ਤੋਂ ਇਲਾਵਾ ਸਮਾਜਿਕ ਜੁੜਾਅ, ਕਲਾ ਅਤੇ ਸਿਰਜਣਾਤਮਕ ਵਿਚਾਰ ਸਾਂਝੇ ਕਰਨ ਲਈ ਇਹ ਮੰਚ ਕਿਸ਼ੋਰਾਂ ਦੇ ਆਤਮ-ਵਿਸ਼ਵਾਸ ਵਿੱਚ ਵਾਧਾ ਕਰਦੇ ਹਨ।

ਪਰ ਜਿੱਥੇ ਇੰਟਰਨੈੱਟ ਅਥਾਹ ਸੰਭਾਵਨਾਵਾਂ ਖੋਲ੍ਹਦਾ ਹੈ, ਉੱਥੇ ਹੀ ਇਸ ਦੀ ਬੇਲੋੜੀ ਅਤੇ ਅਸੁਰੱਖਿਅਤ ਵਰਤੋਂ ਗੰਭੀਰ ਖ਼ਤਰਿਆਂ ਨੂੰ ਸੱਦਾ ਦਿੰਦੀ ਹੈ। ਆਨਲਾਈਨ ਧੱਕੇਸ਼ਾਹੀ, ਧਮਕੀਆਂ, ਨਿੱਜੀ ਜਾਣਕਾਰੀ ਦੀ ਚੋਰੀ ਅਤੇ ਜਿਨਸੀ ਸ਼ੋਸ਼ਣ ਵਰਗੀਆਂ ਬੁਰਾਈਆਂ ਬੱਚਿਆਂ ਦੀ ਮਾਨਸਿਕਤਾ 'ਤੇ ਡੂੰਘੀ ਸੱਟ ਮਾਰਦੀਆਂ ਹਨ। ਮਾਨਸਿਕ ਸਿਹਤ ਅਤੇ ਸਕ੍ਰੀਨ ਸਮੇਂ ਬਾਰੇ ਵਿਗਿਆਨਕ ਅਧਿਐਨਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਸਿਰਫ਼ ਫ਼ੋਨ ਵਰਤਣ ਦੇ ਘੰਟਿਆਂ ਨਾਲੋਂ ਇਹ ਜ਼ਿਆਦਾ ਮਹੱਤਵਪੂਰਨ ਹੈ ਕਿ ਬੱਚਾ ਸਕ੍ਰੀਨ ਉੱਤੇ ਕੀ ਦੇਖ ਰਿਹਾ ਹੈ। ਪਰਿਵਾਰਕ ਮਾਹੌਲ, ਖੁਰਾਕ, ਨੀਂਦ ਅਤੇ ਮੈਦਾਨੀ ਖੇਡਾਂ ਦੀ ਘਾਟ ਦਾ ਬੱਚੇ ਦੀ ਸਿਹਤ 'ਤੇ ਵੱਡਾ ਅਸਰ ਪੈਂਦਾ ਹੈ। ਇਸ ਲਈ ਹਰ ਸਮੱਸਿਆ ਦਾ ਦੋਸ਼ ਸਿੱਧਾ ਸਕ੍ਰੀਨ ਸਿਰ ਮੜ੍ਹਨ ਦੀ ਬਜਾਏ ਬੱਚੇ ਦੇ ਸਮੁੱਚੇ ਜੀਵਨ-ਸ਼ੈਲੀ ਸੰਤੁਲਨ ਨੂੰ ਸਮਝਣਾ ਜ਼ਰੂਰੀ ਹੈ। ਇਸ ਤੋਂ ਇਲਾਵਾ ਤਕਨੀਕੀ ਕੰਪਨੀਆਂ ਵੱਲੋਂ ਬੱਚਿਆਂ ਦੀ ਨਿੱਜਤਾ ਦੀ ਉਲੰਘਣਾ ਕਰਕੇ ਉਨ੍ਹਾਂ ਦਾ ਬੇਲੋੜਾ ਡਾਟਾ ਇਕੱਠਾ ਕਰਨ ਦੇ ਰੁਝਾਨ 'ਤੇ ਵੀ ਵਿਸ਼ਵ ਪੱਧਰ ਉੱਤੇ ਚਿੰਤਾ ਪ੍ਰਗਟਾਈ ਜਾ ਰਹੀ ਹੈ।

ਜੇਕਰ ਭਾਰਤੀ ਅੰਕੜਿਆਂ ਦੀ ਹਕੀਕਤ ਉੱਤੇ ਝਾਤ ਮਾਰੀਏ ਤਾਂ ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਸੰਸਦ ਵਿੱਚ ਪੇਸ਼ ਕੀਤੇ ਵੇਰਵੇ ਬੇਹੱਦ ਚਿੰਤਾਜਨਕ ਤਸਵੀਰ ਪੇਸ਼ ਕਰਦੇ ਹਨ। ਪਿਛਲੇ ਕੁਝ ਵਰ੍ਹਿਆਂ ਦੌਰਾਨ ਬੱਚਿਆਂ ਵਿਰੁੱਧ ਸਾਈਬਰ ਅਪਰਾਧਾਂ ਦੇ ਕੁੱਲ ਮਾਮਲਿਆਂ ਵਿੱਚ ਕਈ ਗੁਣਾ ਵਾਧਾ ਦਰਜ ਹੋਇਆ ਹੈ, ਜਦਕਿ ਬੱਚਿਆਂ ਨੂੰ ਦਰਸਾਉਂਦੀ ਅਸ਼ਲੀਲ ਸਮੱਗਰੀ ਦੇ ਪ੍ਰਕਾਸ਼ਨ ਅਤੇ ਪ੍ਰਸਾਰ ਨਾਲ ਜੁੜੇ ਅਪਰਾਧ ਤਾਂ ਬੇਤਹਾਸ਼ਾ ਵਧੇ ਹਨ। ਸਮਾਰਟ ਫ਼ੋਨ ਵਰਤਣ ਵਾਲੇ ਵਿਦਿਆਰਥੀ ਜਿੱਥੇ ਪੜ੍ਹਾਈ ਲਈ ਇਸ ਦੀ ਵਰਤੋਂ ਕਰਦੇ ਹਨ, ਉੱਥੇ ਹੀ ਸੋਸ਼ਲ ਮੀਡੀਆ ਉੱਤੇ ਵੀ ਸਰਗਰਮ ਹਨ, ਪਰ ਅਫ਼ਸੋਸ ਦੀ ਗੱਲ ਇਹ ਹੈ ਕਿ ਇਨ੍ਹਾਂ ਵਿੱਚੋਂ ਅੱਧੇ ਤੋਂ ਵੱਧ ਬੱਚੇ ਕਿਸੇ ਸ਼ੱਕੀ ਖਾਤੇ ਨੂੰ ਬਲਾਕ ਕਰਨਾ ਜਾਂ ਆਪਣੀ ਪ੍ਰੋਫ਼ਾਈਲ ਨੂੰ ਸੁਰੱਖਿਅਤ ਤੇ ਪ੍ਰਾਈਵੇਟ ਰੱਖਣਾ ਚੰਗੀ ਤਰ੍ਹਾਂ ਨਹੀਂ ਜਾਣਦੇ।

ਪੰਜਾਬ ਦੇ ਸਮਾਜਿਕ ਅਤੇ ਵਿੱਦਿਅਕ ਪਰਿਪੇਖ ਵਿੱਚ ਇਹ ਚੁਣੌਤੀ ਹੋਰ ਵੀ ਅਹਿਮ ਹੋ ਜਾਂਦੀ ਹੈ। ਸਾਡੇ ਸਰਕਾਰੀ ਅਤੇ ਪੇਂਡੂ ਸਕੂਲਾਂ ਦੇ ਵਿਦਿਆਰਥੀਆਂ ਲਈ ਮਿਆਰੀ ਵਿਦਿਅਕ ਸਮੱਗਰੀ ਪੰਜਾਬੀ ਭਾਸ਼ਾ ਵਿੱਚ ਡਿਜੀਟਲ ਰੂਪ ਵਿੱਚ ਮੁਹੱਈਆ ਕਰਵਾਉਣੀ ਬੇਹੱਦ ਜ਼ਰੂਰੀ ਹੈ, ਤਾਂ ਜੋ ਗਿਆਨ ਸਿਰਫ਼ ਅੰਗਰੇਜ਼ੀ ਤੱਕ ਸੀਮਿਤ ਨਾ ਰਹੇ। ਪੇਂਡੂ ਅਤੇ ਆਰਥਿਕ ਤੌਰ ਉੱਤੇ ਕਮਜ਼ੋਰ ਪਿਛੋਕੜ ਵਾਲੇ ਵਿਦਿਆਰਥੀਆਂ ਲਈ ਸਕੂਲਾਂ ਵਿੱਚ ਸਾਂਝੇ ਕੰਪਿਊਟਰ ਲੈਬ ਅਤੇ ਇੰਟਰਨੈੱਟ ਦੀ ਨਿਰਵਿਘਨ ਸਹੂਲਤ ਹੋਣੀ ਚਾਹੀਦੀ ਹੈ।

ਇੱਕ ਸੁਰੱਖਿਅਤ ਡਿਜੀਟਲ ਮਾਹੌਲ ਦੀ ਸਿਰਜਣਾ ਕਿਸੇ ਇਕੱਲੀ ਧਿਰ ਦੇ ਵੱਸ ਦੀ ਗੱਲ ਨਹੀਂ। ਇਸ ਲਈ ਪਰਵਾਰ, ਸਕੂਲ, ਤਕਨੀਕੀ ਕੰਪਨੀਆਂ ਅਤੇ ਸਰਕਾਰ ਨੂੰ ਮਿਲ ਕੇ ਆਪਣੀ ਜ਼ਿੰਮੇਵਾਰੀ ਨਿਭਾਉਣੀ ਹੋਵੇਗੀ। ਮਾਪਿਆਂ ਨੂੰ ਨਿਗਰਾਨ ਦੇ ਨਾਲ-ਨਾਲ ਬੱਚੇ ਦਾ ਭਰੋਸੇਯੋਗ ਮਿੱਤਰ ਬਣਨਾ ਚਾਹੀਦਾ ਹੈ। ਬੱਚੇ ਨੂੰ ਸਜ਼ਾ ਜਾਂ ਝਿੜਕਾਂ ਦਾ ਡਰ ਦੇਣ ਦੀ ਬਜਾਏ ਇਹ ਵਿਸ਼ਵਾਸ ਦਿਵਾਉਣਾ ਲਾਜ਼ਮੀ ਹੈ ਕਿ ਕਿਸੇ ਵੀ ਗ਼ਲਤ ਸੁਨੇਹੇ ਜਾਂ ਔਕੜ ਵੇਲੇ ਪਰਵਾਰ ਉਸ ਦੀ ਢਾਲ ਬਣੇਗਾ। ਘਰਾਂ ਅੰਦਰ ਖਾਣੇ ਦੇ ਸਮੇਂ ਅਤੇ ਰਾਤ ਨੂੰ ਸੌਣ ਵੇਲੇ ਡਿਵਾਈਸ-ਮੁਕਤ ਸਮਾਂ ਮਿੱਥਿਆ ਜਾਣਾ ਚਾਹੀਦਾ ਹੈ, ਜਿਸ ਦੀ ਪਾਲਣਾ ਘਰ ਦੇ ਵੱਡਿਆਂ ਨੂੰ ਵੀ ਕਰਨੀ ਪਵੇਗੀ।

ਸਕੂਲਾਂ ਨੂੰ ਡਿਜੀਟਲ ਸਾਖਰਤਾ ਨੂੰ ਆਪਣੇ ਰੋਜ਼ਾਨਾ ਪਾਠਕ੍ਰਮ ਦਾ ਹਿੱਸਾ ਬਣਾਉਣਾ ਚਾਹੀਦਾ ਹੈ, ਜਿੱਥੇ ਬੱਚਿਆਂ ਨੂੰ ਕਿਸੇ ਖ਼ਬਰ ਦੀ ਤਸਦੀਕ ਕਰਨਾ, ਫ਼ਰਜ਼ੀ ਲਿੰਕਾਂ ਤੋਂ ਬਚਣਾ, ਨਿੱਜੀ ਜਾਣਕਾਰੀ ਗੁਪਤ ਰੱਖਣਾ ਅਤੇ ਸਾਈਬਰ ਸ਼ਿਕਾਇਤ ਅਫ਼ਸਰ ਤੱਕ ਪਹੁੰਚ ਕਰਨਾ ਸਿਖਾਇਆ ਜਾਵੇ।ਤਕਨੀਕੀ ਕੰਪਨੀਆਂ ਦੀ ਇਹ ਨੈਤਿਕ ਅਤੇ ਕਾਨੂੰਨੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਆਪਣੇ ਪਲੇਟਫਾਰਮਾਂ ਦੇ ਮੂਲ ਡਿਜ਼ਾਈਨ ਵਿੱਚ ਬੱਚਿਆਂ ਦੀ ਸੁਰੱਖਿਆ ਨੂੰ ਪਹਿਲ ਦੇਣ।

ਬੱਚਿਆਂ ਨੂੰ ਇੰਟਰਨੈੱਟ ਦੀ ਦੁਨੀਆ ਤੋਂ ਪੂਰੀ ਤਰ੍ਹਾਂ ਵਾਂਝੇ ਰੱਖਣਾ ਨਾ ਤਾਂ ਸੰਭਵ ਹੈ ਅਤੇ ਨਾ ਹੀ ਉਨ੍ਹਾਂ ਦੇ ਬੌਧਿਕ ਭਵਿੱਖ ਲਈ ਜਾਇਜ਼। ਅਸਲ ਚੁਣੌਤੀ ਸੁਤੰਤਰਤਾ ਅਤੇ ਸੁਰੱਖਿਆ ਵਿਚਕਾਰ ਸੁਹਿਰਦ ਸੰਤੁਲਨ ਕਾਇਮ ਕਰਨ ਦੀ ਹੈ। ਜਦੋਂ ਪਰਵਾਰ ਦਾ ਨਿੱਘਾ ਭਰੋਸਾ, ਸਕੂਲ ਦੀ ਵਿਹਾਰਕ ਸਿੱਖਿਆ, ਕਾਰਪੋਰੇਟ ਜਗਤ ਦੀ ਜਵਾਬਦੇਹੀ ਅਤੇ ਸਰਕਾਰ ਦਾ ਕਾਨੂੰਨੀ ਪ੍ਰਬੰਧ ਇੱਕ ਸੁਰ ਵਿੱਚ ਕੰਮ ਕਰਨਗੇ, ਤਦ ਹੀ ਸਾਡਾ ਸਮਾਜ ਇੱਕ ਅਜਿਹਾ ਡਿਜੀਟਲ ਵਾਤਾਵਰਣ ਤਿਆਰ ਕਰ ਸਕੇਗਾ, ਜਿੱਥੇ ਦੇਸ਼ ਦਾ ਹਰ ਬੱਚਾ ਨਿਰਭੈ ਹੋ ਕੇ ਨਵੇਂ ਗਿਆਨ ਦੀਆਂ ਉਡਾਣਾਂ ਭਰ ਸਕੇ। ਇਹੀ ਅੱਜ ਦੇ ਸਮੇਂ ਦੀ ਸਭ ਤੋਂ ਵੱਡੀ ਲੋੜ ਅਤੇ ਸਾਡੀ ਸਾਰਿਆਂ ਦੀ ਸਾਂਝੀ ਕੌਮੀ ਜ਼ਿੰਮੇਵਾਰੀ ਹੈ।

# ਸੰਪਰਕ : 95014-77889

# ਕਤਲ, ਸੰਘਰਸ਼ ਤੇ ਨਸ਼ਾ

ਜਗਮੇਲ ਸਿੰਘ

ਮਾਨਸਾ ਵਿੱਚ ਕਤਲ, ਦਿਨ-ਦਿਹਾੜੇ। ਕਾਤਲ, ਮੈਡੀਕਲ ਸਟੋਰ ਤੋਂ ਨਸ਼ੇ ਵੇਚੇ । ਕਤਲ, ਐਂਟੀ ਡਰੱਗ ਟਾਸਕ ਫੋਰਸ ਦੇ ਪਰਵਿੰਦਰ ਸਿੰਘ ਝੋਟੇ ਦਾ ।ਝਗੜਾ, ਨਸ਼ੇ ਦੀ ਵਿਕਰੀ ਰੋਕਣ ਦਾ।ਮੌਕੇ 'ਤੇ ਨਸ਼ਾ ਵੇਚਦਾ ਫੜੇ ਜਾਣ ਦਾ।ਪੰਜਾਬ ਧੁਰ ਅੰਦਰ ਤੱਕ ਹਿੱਲਿਆ।ਡਲਾ ਮਾਰੇ ਤੋਂ ਜਿਵੇਂ ਖੜਾ ਪਾਣੀ। ਸੂਬੇ ਅੰਦਰ ਸੋਗ ਤੇ ਰੋਸ ਦੀ ਲਹਿਰ।ਪੰਜਾਬ ਬੰਦ, ਸਫ਼ਲ। ਮਾਨਸਾ, ਤਿੰਨ ਦਿਨ ਪੂਰਨ ਬੰਦ। ਨਸ਼ਿਆਂ ਦਾ ਸੰਤਾਪ ਭੋਗਦੇ ਲੋਕਾਂ ਦਾ ਰੋਹ, ਸੜਕਾਂ 'ਤੇ ਉਬਾਲੇ ਮਾਰੇ। ਮਾਨਸਾ ਤੋਂ ਬਾਹਰ ਚੌਕਾਂ, ਬੱਸ ਅੱਡਿਆਂ 'ਤੇ ਡੀ ਸੀ ਦਫ਼ਤਰਾਂ ਮੂਹਰੇ ਧਰਨੇ । ਕਿਸਾਨੀ, ਜਵਾਨੀ, ਸਭ ਗੁੱਸੇ ਨਾਲ ਭਰੇ ਪੀਤੇ । ਜਥੇਬੰਦੀਆਂ ਵੱਲੋਂ ਮੁਜ਼ਾਹਰੇ।ਪਾਰਟੀਆਂ ਵੱਲੋਂ ਆਪੋ-ਆਪਣੇ 'ਕੱਠ ।ਪੁਲਸ ਦਾ ਜ਼ੋਰ ਇਕੱਠ ਰੋਕਣ 'ਤੇ।

ਕਾਤਲ, ਨਸ਼ੇ ਦਾ ਨਿਸੰਗ ਵਪਾਰੀ।ਨਾ ਬਜ਼ਾਰਾਂ ਵਿੱਚ ਨਿਕਲੇ ਜਲੂਸ ਤੋਂ ਸੰਗ ਮੰਨੀ।ਧੰਦਾ ਖੁੱਲੇਆਮ, ਹੋਰ ਜ਼ੋਰ ਨਾਲ ।ਸਰਕਾਰੇ ਦਰਬਾਰੇ, ਮੇਲ ਮਿਲਾਪ । ਸੇਵਾ ਪਾਣੀ 'ਚ ਹੱਥ ਖੁੱਲ੍ਹਾ ।ਚਾਂਦੀ ਦੀ ਜੁੱਤੀ 'ਚ ਹੱਡ ਖਵਾਉਣ ਦਾ ਖਿਡਾਰੀ। ਪੰਜ ਪਰਚੇ (ਨੋਟ) ਜੇਬ 'ਚ, ਜਨਾਬ ਮੁੱਠੀ 'ਚ। ਲਸੰਸ ਬੈਗ 'ਚ, ਪਿਸਟਲ ਡੱਬ 'ਚ।

ਕਾਤਲ ਨੂੰ ਲਸੰਸ, ਪਰਵਿੰਦਰ 'ਤੇ ਕੇਸ । 'ਮੇਰੇ ਪੁੱਤ ਦੀ ਜਾਨ ਨੂੰ ਖ਼ਤਰਾ, ਕੁਝ ਕਰੋ' ਪਿਤਾ ਦੀ ਫਰਿਆਦ, ਕਿਸੇ ਨਾ ਸੁਣੀ। ਲਸੰਸ ਤੇ ਫਰਿਆਦ ਹੀ, ਮੱਕੂ ਬੰਨੂ ਕਾਤਲਾਂ ਦਾ।ਇਹੀ ਹੁਣ ਪੈੜ ਕੱਢੂ, ਜ਼ੁੰਮੇਵਾਰਾਂ ਦੀ। ਧੰਦੇ ਵਿੱਚ ਕਿਸ ਦੀ ਹੱਲਾਸ਼ੇਰੀ ਤੇ ਹਿੱਸੇਦਾਰੀ ? ਲਸੰਸ 'ਤੇ ਕਿਸ ਦੀ ਪ੍ਰਵਾਨਗੀ ਤੇ ਕਿਸ ਦੀ ਮੋਹਰ ? ਕਤਲ ਲਈ, ਕਿਸ ਨੇ ਉਕਸਾਇਆ? ਫਰਿਆਦ ਨੂੰ ਆਈ-ਗਈ ਕਰਨ ਵਾਲੇ ਕੌਣ-ਕੌਣ ? ਪੈੜ ਤਾਂ ਪੈੜੂ ਕੱਢ ਹੀ ਲੈਂਦੇ ਐ।

ਪਹਿਲੀ ਪੈੜ, ਸਿੱਧੀ ਠਾਣੇ 'ਚ। ਪੁਲਸ ਪਰਚਿਆਂ ਦੀ ਅਣਦੇਖੀ, ਲਸੰਸ ਦੀ ਸਿਫਾਰਸ਼ 'ਤੇ ਲਸੰਸ ਉੱਤੇ ਮੋਹਰ। ਪਿਤਾ ਦੀ ਫਰਿਆਦ, ਠਾਣੇ ਦੀ ਟੋਕਰੀ ਵਿੱਚ। ਕਾਤਲ ਦੀ ਪਹੁੰਚ ਵੱਡੀ। ਦੂਜੀ ਪੈੜ, ਜ਼ਿਲ੍ਹੇ 'ਚੋਂ ਹੁੰਦੀ ਹੋਈ ਸੂਬੇ ਤੱਕ, ਪੁਲਸ ਤੇ ਸਿਵਲ ਦੇ ਉੱਚ ਅਧਿਕਾਰੀ ਤੱਕ। ਕਾਤਲ 'ਤੇ ਦਰਜ ਕੇਸਾਂ ਦੀ ਨਾ ਛਾਣਬੀਣ, ਨਾ ਲਸੰਸ ਦੀ ਕੋਈ ਪੜਤਾਲ। ਸੰਮਨ ਤੇ ਸਜ਼ਾਵਾਂ ਦੀ ਥਾਂ ਲਸੰਸ। ਪਿਤਾ ਦੀ ਫਰਿਆਦ, ਤਿੰਨ ਸਾਲਾਂ ਤੋਂ ਠੰਢੇ ਬਸਤੇ 'ਚ ।ਕਾਤਲ ਨੂੰ ਧੰਦੇ ਦੀ ਖੁੱਲ੍ਹ।ਤੀਜੀ ਪੈੜ, ਰਾਜਪਾਲ ਤੇ ਹਾਈਕੋਰਟ ਦੇ ਜੱਜ ਵੱਲ। ਪਿਤਾ ਦੀ ਫਰਿਆਦ, ਲੱਗਦੈ ਖੋਹਲ ਕੇ ਨ੍ਹੀਂ ਦੇਖੀ। ਕਾਤਲ ਲਈ ਰੈਲ। ਚੌਥੀ ਪੈੜ, ਸ਼ਹਿਰ ਵਾਲੇ ਵਿਧਾਇਕ ਵੱਲ । ਏਹਦਾ ਨਾ ਰੋਕਣਾ, ਧੰਦੇ ਦੀ ਹਮੈਤ ਦਾ ਭਾਗੀ ਬਣਦੈ । ਨਸ਼ਾ ਰੋਕਣ ਵਾਲਿਆਂ ਦੇ ਕਤਲ। ਸਰਕਾਰ ਰੋਕਣ 'ਚ ਨਾਕਾਮ । ਛੇਵੀਂ ਪੈੜ, ਕਾਂਗਰਸ, ਅਕਾਲੀ ਤੇ ਭਾਜਪਾ ਪਾਰਟੀਆਂ ਵੱਲ ਨੂੰ। ਮੌਜੂਦਾ ਸਰਕਾਰ ਦੀ ਨਾਕਾਮੀ ਦੇ ਮੇਹਣੇ, ਆਪਣੀ ਸਰਕਾਰ ਵੱਲੋਂ ਰੋਕਣ ਦੇ ਦਾਅਵੇ। ਇਹਨਾਂ ਦੇ ਕੱਚੇ ਚਿੱਠੇ, ਇਹਨਾਂ ਨੂੰ ਖੁਦ ਨੂੰ ਘੇਰਨ । ਅਕਾਲੀ-ਭਾਜਪਾ ਗਠਜੋੜ ਸਰਕਾਰ ਨੇ ਨਾਮਣਾ ਕਮਾਇਆ, 'ਨਸ਼ੇ ਦੇ ਸੌਦਾਗਰਾਂ ਦੇ ਸਰਪ੍ਰਸਤ।' ਕਾਂਗਰਸ, ਝੂਠੀਆਂ ਸੌਂਹਾਂ ਦੇ 'ਮਹਾਂ ਰਾਜੇ।' ਜਗਦੀਸ਼ ਭੋਲੇ ਦਾ ਬਿਆਨ ਤੇ ਸਾਬਕਾ ਡੀ ਆਈ ਜੀ ਸ਼ਸ਼ੀ ਕਾਂਤ ਦੀ ਸੂਚੀ, ਦੋਵਾਂ ਸਰਕਾਰਾਂ ਦਾ ਕੱਚਾ ਚਿੱਠਾ। ਧੰਦੇ ਲਈ ਖੁੱਲ੍ਹਾਂ।

ਅੱਗੇ ਆਉਂਦਾ ਡਰੱਗ ਇੰਸਪੈਕਟਰ।ਕੀ ਕਰਦਾ ਹੋਊ? ਰੈਕਾਂ ਵੱਲ ਪਿੱਠ, ਗੱਲੇ 'ਤੇ ਅੱਖ । ਰਿਪੋਰਟ, ਆਲ ਇਜ਼ ਓ ਕੇ ਤੇ ਬੈਕ ਟੂ ਹੋਮ। ਕਰੜੀ ਪੁੱਛਗਿੱਛ ਦੱਸੂ, ਗੱਲੇ ਵਿੱਚ ਪਏ ਪਿਸਟਲ ਤੋਂ ਡਰਦਾ ਕਿ ਗੱਲੇ ਵਿੱਚ ਪਏ ਗਾਂਧੀ ਦੀ ਝੇਪ ਮੰਨਦੈ ਕਿ ਹਿੱਸਾ-ਪੱਤੀ ਪਾਈ ਬੈਠਾ।ਪੈੜ ਅੱਗੇ ਤੁਰੀ, ਪਹੁੰਚ ਗਈ ਮੈਡੀਕਲ ਸਟੋਰਾਂ 'ਚ।ਫਸਿਆ ਮਹਿਕਮਾ ਭੱਜਿਆ, ਫਟਾਫਟ ਕਰਤੇ ਸੀਲ। ਇਹਨਾਂ ਦੀ ਧੰਦਾ-ਜੁੰਡੀ, ਕਾਤਲ ਲਈ ਹੱਲਾਸ਼ੇਰੀ।

ਪੈੜ ਤੁਰਦੀ ਗਈ, ਕਈ ਥਾਣਿਆਂ ਤੱਕ। ਕੇਸਾਂ ਦੇ ਢੇਰ, ਨਸ਼ਾ ਸੌਦਾਗਰਾਂ ਵੱਲੋਂ ਕੀਤੇ ਕਤਲਾਂ ਤੇ ਕੁੱਟਮਾਰ ਦੇ। ਸਜ਼ਾ ਕਿਸੇ ਨੂੰ ਨਹੀਂ । ਲੋਕਾਂ ਨੇ ਫੜ ਕੇ ਫੜਾਇਆ, ਦੋ ਘੰਟੇ ਦੇ ਵਿੱਚ ਵਿੱਚ ਆ ਬੁੱਕਦਾ। 'ਮੈਂ ਤਾਂ ਐਂਈ ਕਰੂ, ਲਾ ਲਓ ਜ਼ੋਰ।' ਇਸ ਧੰਦੇ ਵਿੱਚ ਜਿੱਡੀ ਵੱਡੀ ਸੌਦਾਗਰੀ, ਉੱਡੀ ਵੱਡੀ ਸਰਕਾਰੇ-ਦਰਬਾਰੇ ਪਹੁੰਚ, ਕਾਤਲ ਲਈ ਦਲੇਰੀ।

ਗੱਲ ਐ ਇਹਨਾਂ ਨੂੰ, ਸਜ਼ਾਵਾਂ ਦੀ।ਕੌਣ ਦਿਊ? ਸਿਸਟਮ! ਸਿਸਟਮ ਬੜਾ ਟੇਢਾ, ਇਹਦੀ ਅੱਖ 'ਚ ਟੀਰ ਤੇ ਮਨ 'ਚ ਮੈਲ ਐ।ਜੁਰਮ ਤੇ ਮੁਜਰਮ ਨੂੰ ਪਾਲਦੈ, ਬਚਾਉਂਦੈ । ਨਸ਼ੇ ਧੰਦੇ ਨੂੰ ਬੜਾਵਾ ਦਿੰਦੈ, ਪੁਲਸ ਕੇਸ ਦੇ ਹੁੰਦਿਆਂ ਲਸੰਸ ਦਿੰਦੈ, ਕਤਲ ਲਈ ਹੱਲਾਸ਼ੇਰੀ ਦਿੰਦੈ, ਬਿਨਾਂ ਪੜਤਾਲ ਤੋਂ ਕਤਲ ਦਾ ਕਾਰਨ ਨਿੱਜੀ ਰੰਜਿਸ਼ ਦੱਸਦੈ, ਉਹਨੇ ਮੁਜਰਮਾਂ ਨੂੰ ਸਜ਼ਾ ਸੁਆਹ ਦੇਣੀ ਐ।ਉਹਦਾ ਰਿਕਾਰਡ ਤਾਂ ਮੁਜਰਮਾਂ ਨੂੰ ਬਚਾਉਣ ਦਾ ਤੇ ਜੁਰਮਾਂ ਨੂੰ ਖੁੱਲ੍ਹਾਂ ਦੇਣ ਦਾ।ਇਹਦੇ ਲਈ ਹਰ ਹਰਬਾ ਵਰਤਣ ਤੋਂ ਨਾ ਸੰਗਦਾ, ਨਾ ਝਕਦਾ। ਸਜ਼ਾ ਲਈ ਜ਼ਰੂਰਤ ਐ, ਤੱਥਾਂ ਸਬੂਤਾਂ ਦੀ। ਗਵਾਹਾਂ ਤੇ ਵਕੀਲਾਂ ਦੀ। ਤਹੱਮਲ ਤੇ ਧੜੱਲੇ ਨਾਲ ਪੇਸ਼ ਕਰਨ ਦੀ ਤੇ ਏਹਦੇ ਨਾਲ ਹੀ ਲੋੜ ਐ, ਲੋਕ ਸੰਘਰਸ਼ ਦੀ। ਸੂਝਬੂਝ ਤੇ ਜ਼ਾਬਤਾ ਭਰਪੂਰ ਸੰਘਰਸ਼ ਦੀ। ਵੋਟ ਝਮੇਲੇ ਤੋਂ ਬਚਾਅ ਕੇ ਰੱਖਣ ਦੀ।ਸਜ਼ਾ ਦੀ ਮੰਗ, ਸਮਾਜ ਦੇ ਹਰ ਹਿੱਸੇ ਦੀ ਮੰਗ ਬਣਾਉਣ ਦੀ।

ਇਸ ਕਤਲ ਨੇ ਉਭਾਰਿਆ ਜੜ੍ਹ-ਮੁੱਦਾ, ਨਸ਼ਾ । ਇਹ ਕਈ ਕਿਸਮਾਂ ਦਾ । ਇਹ ਕਾਰੋਬਾਰ ਅੰਤਰ-ਰਾਸ਼ਟਰੀ, ਅਰਬਾਂ-ਖਰਬਾਂ ਰੁਪਏ ਦਾ । ਵਪਾਰੀ ਦੇਸੀ ਵਿਦੇਸ਼ੀ ਦੋਵੇਂ ਨੇ।ਉਹਨਾਂ ਦੀ ਸਰਕਾਰੇ ਦਰਬਾਰੇ ਤੂਤੀ ਬੋਲਦੀ ਐ। ਸਰਕਾਰਾਂ ਬਣਾਉਣ, ਹਟਾਉਣ ਤੇ ਚਲਾਉਣ ਵਿੱਚ, ਉਹਨਾਂ ਦੀ ਖੋਟੀ ਖੱਟੀ ਦਾ ਹਿੱਸਾ ਹੁੰਦੈ। ਨਸ਼ਾ ਸਰਕਾਰਾਂ ਬੰਦ ਕਰਾਉਣਗੀਆਂ, ਭੁੱਲ ਜਾਓ।ਸਰਕਾਰਾਂ ਤੋਂ ਆਸ ਦਾ ਆਧਾਰ ਹੀ ਨਹੀਂ। ਇਹਨਾਂ ਦਾ ਚਲਣ, ਕੋਈ ਮਰੇ ਕੋਈ ਜੀਵੇ, ਸੁਥਰਾ ਘੋਲ ਪਤਾਸੇ ਪੀਵੇ। ਇਹਨਾਂ ਨੂੰ ਮਾਸਾ ਫ਼ਿਕਰ ਨ੍ਹੀਂ, ਨਸ਼ਾ ਵਿਦੇਸ਼ਾਂ ਤੋਂ ਆਵੇ, ਇਥੇ ਬਣੇ-ਵਿਕੇ, ਮੈਡੀਸਨ 'ਚ ਰਲ਼ੇ। ਸਰਹੱਦਾਂ ਦਾ ਕੰਟਰੋਲ, ਕੇਂਦਰ ਹੱਥ । ਗੁਜਰਾਤ 'ਚ ਅਡਾਨੀ ਦੀ ਬੰਦਰਗਾਹ 'ਤੇ ਟਨਾਂ ਦੇ ਟਨ ਲਹਿੰਦਾ, ਕੇਂਦਰ ਸਰਕਾਰ ਦੇ ਮੂੰਹ ਵਿੱਚ ਘੁੰਗਣੀਆਂ। ਪੰਜਾਬ ਵਿੱਚ ਵੀ ਕਿਹਾ ਜਾਂਦਾ, ਸਰਹੱਦ ਪਾਰੋਂ ਆਉਂਦਾ। ਇਥੋਂ ਦਾ ਕੰਟਰੋਲ ਵੀ ਕੇਂਦਰ ਕੋਲ।ਪੰਜਾਬ ਵਿੱਚ ਆ ਕੇ ਰੋਕਣ ਦੇ ਭਾਸ਼ਣ, ਭਾਜਪਾ ਨੇ ਜੁਮਲੇਬਾਜ਼ੀ ਨਹੀਂ ਛੱਡੀ।ਹਰ ਸੂਬਾ ਇਸ ਦੀ ਲਪੇਟ ਵਿੱਚ ਐ।ਆਪ ਸਰਕਾਰ ਵੱਲੋਂ ਯੁੱਧ ਦੇ ਨਾਂਅ ਹੇਠ, ਸਭ ਅਧਿਕਾਰ ਪੁਲਸ ਨੂੰ। ਵੱਡੇ ਸਮੱਗਲਰ ਤਾਂ ਕੀ ਫੜਨੇ ਸੀ, ਖੁਦ ਸਮਗਲਰ ਬਣੇ। ਸੈਂਕੜੇ ਛੋਟੇ ਵੱਡੇ ਪੁਲਸੀਏ ਫੜੇ ਜਾਣ ਦੀਆਂ ਖਬਰਾਂ ਛਪੀਆਂ।

ਨਸ਼ਾ ਰੋਕਣਾ, ਨਾ ਧੱਕਾ ਨਾ ਡੰਡਾ। ਲੋੜ ਐ ਨਸ਼ੇੜੀ ਨੂੰ ਨਸ਼ੇ ਦਾ ਮਰੀਜ਼ ਸਮਝਣ ਦੀ।ਉਸ ਦਾ ਇਲਾਜ ਕਰਨ ਦੀ, ਨਸ਼ੇ ਦੇ ਨਾਗ ਵਲ 'ਚੋਂ ਕੱਢਣ ਦੀ। ਉਹਨੂੰ ਚਾਹੀਦੈ, ਪਿਆਰ ਤੇ ਸਤਿਕਾਰ। ਡਾਕਟਰ, ਕੌਂਸਲਿੰਗ ਤੇ ਲੋਕਾਂ ਦਾ ਸਹਿਯੋਗ। ਸਰਕਾਰ ਇਹਨਾਂ ਨੂੰ ਕਿਸੇ ਕਿੱਤੇ ਲਾਵੇ, ਬਜਟ ਵਿਚੋਂ ਪੈਸੇ ਲਾਵੇ। ਲੋਕ ਇਹਨਾਂ ਨਾਲ ਸਹਿਯੋਗ ਕਰਨ ਤੇ ਨਸ਼ਾ ਤਸਕਰਾਂ ਤੇ ਸਪਲਾਇਰਾਂ ਨੂੰ ਰੋਕਣ ਲਈ ਪੁਲਸ 'ਤੇ ਜਨਤਕ ਦਬਾਅ ਬਣਾਉਣ।ਘਰ-ਘਰ ਵਿਛਦੇ ਸੱਥਰ ਰੁਕਣੇ ਚਾਹੀਦੇ ਨੇ।

# ਸੰਪਰਕ : 94172-24822

# ਮਹਾਂਰਿਸ਼ੀ ਵਾਲਮੀਕ ਦੇ ਦਰਸਾਏ ਰਾਹ 'ਤੇ ਚੱਲਣ ਦਾ ਪ੍ਰਣ ਕਰੀਏ

ਰਜਿੰਦਰ ਸਿੰਘ ਰਾਣਾ, ਐਡਵੋਕੇਟ



ਅੱਜ ਮਹਾਂਰਿਸ਼ੀ ਵਾਲਮੀਕ ਜੀ ਦਾ ਜਨਮ ਦਿਹਾੜਾ ਦੇਸ਼ ਭਰ ਵਿੱਚ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਭਾਰਤੀ ਕਾਵਿ ਸਾਹਿਤ ਵਿੱਚ ਉਨ੍ਹਾ ਦੀ ਮਹਾਨਤਾ ਸਦੀਵੀ ਹੈ। ਮਹਾਂਸ਼ੀ ਵਾਲਮੀਕ ਜੀ ਦੀ ਰਚਨਾ ਇੱਕ ਲੋਕ-ਪ੍ਰਿਯ ਰਚਨਾ ਹੈ। ਉਨ੍ਹਾ ਦੀ ਮਹਾਨ ਮਹਾਂਕਾਵਿ ਕਿਰਤ ਰਮਾਇਣ ਸੰਸਕ੍ਰਿਤ ਸਾਹਿਤ ਦੀ ਆਦਿ ਕਾਵਿ ਹੈ ਤੇ ਉਹ ਉਸ ਅਮਰ ਕਵਿਤਾ ਦੇ ਆਦਿ ਮਹਾਨ ਕਵੀ ਹਨ।

ਮਹਾਂਰਿਸ਼ੀ ਵਾਲਮੀਕ ਜੀ ਦੇ ਜੀਵਨ ਤੱਥ/ਕਥਾ ਬਾਰੇ ਪ੍ਰਮਾਣਿਕ ਜਾਣਕਾਰੀ ਉਪਲੱਬਧ ਨਹੀਂ ਹੈ। ਇਹ ਘਾਟ ਉਨ੍ਹਾਂ ਦੇ ਜੀਵਨ ਬਾਰੇ ਵਿਭਿੰਨ ਵਿਚਾਰ ਪੇਸ਼ ਕਰਦੀ ਹੈ। ਸਾਡੀ ਸਮਝ ਅਨੁਸਾਰ ਉਨ੍ਹਾ ਦੇ ਜੀਵਨ ਦੀ ਤਫਸੀਲ ਵਿੱਚ ਜਾਣ ਨਾਲੋਂ ਉਨ੍ਹਾ ਦੇ ਜੀਵਨ ਦੀ ਮਹਾਨਤਾ ਉਨ੍ਹਾ ਦੇ ਬਹੁਮੁੱਲੇ ਸੰਦੇਸ਼ ਵਿੱਚ ਹੈ। ਉਨ੍ਹਾ ਦੀ ਮਹਾਨ ਰਚਨਾ ਤੇ ਅਮਰ ਕਿਰਤ ਦੇ ਅਧਿਐਨ ਤੋਂ ਉਨ੍ਹਾ ਦੇ ਉਚੇਰੇ ਵਿਅਕਤੀਤਵ ਤੇ ਆਚਰਣ ਦੀ ਤਸਵੀਰ ਉਜਾਗਰ ਹੁੰਦੀ ਹੈ। ਉਹ ਇੱਕ ਵਿਸ਼ਾਲ ਸੋਚ ਤੇ ਵਿਸ਼ਾਲ ਹਿਰਦੇ ਦੇ ਧਾਰਨੀ ਸਨ। ਉਹ ਸਮਾਜ ਲਈ ਪਿਆਰ, ਮੁਹੱਬਤ, ਕਰੁਣਾ ਤੇ ਹਮਦਰਦੀ ਨਾਲ ਲਬਰੇਜ਼ ਮਹਾਨ ਕਵੀ ਸਨ। ਰਮਾਇਣ ਲਿਖਣ ਦੀ ਪ੍ਰੇਰਨਾ ਉਨ੍ਹਾ ਨੂੰ ਤਮਸ ਨਦੀ ਦੇ ਕਿਨਾਰੇ ਹੋਈ ਘਟਨਾ ਨਾਲ ਜੁੜੀ ਹੋਈ ਹੈ।

ਇਸ ਅਨੁਸਾਰ ਤਮਸ ਨਦੀ ਦੇ ਕਿਨਾਰੇ ਕ੍ਰੌਂਚ ਨਾਂਅ ਦੇ ਪੰਛੀਆਂ ਦੇ ਜੋੜੇ ਵਿੱਚੋਂ ਇੱਕ ਨਰ ਪੰਛੀ ਨੂੰ ਇੱਕ ਸ਼ਿਕਾਰੀ ਨੇ ਮਾਰ ਸੁੱਟਿਆ। ਨਰ ਪੰਛੀ ਦੀ ਮੌਤ ਤੋਂ ਬਾਅਦ ਮਾਦਾ ਪੰਛੀ ਦੇ ਵੇਦਨਾ ਤੇ ਚੀਕ ਪੁਕਾਰਦਾ ਦਰਦਨਾਕ ਦ੍ਰਿਸ਼ ਵੇਖਣ ਬਾਅਦ ਕੋਮਲ ਹਿਰਦੇ ਵਾਲੇ ਰਿਸ਼ੀ ਦੇ ਭਾਵ ਛੰਦਮਈ ਕਾਵਿਕ ਬੋਲਾਂ ਵਿੱਚ ਵਹਿ ਨਿਕਲੇ ਸਨ। ਇਸ ਉਪਰੰਤ ਉਨ੍ਹਾ ਨੇ ਆਪਣੇ ਆਦਰਸ਼ ਕਥਾ ਨਾਇਕ ਸ੍ਰੀ ਰਾਮ ਦੀ ਕਹਾਣੀ ਦੀ ਆਪਣੇ ਮਨ ਦੀ ਲੋਚਾ ਅਨੁਸਾਰ ਸਿਰਜਣਾ ਕੀਤੀ।

ਇਸ ਮਹਾਂਕਾਵਿ ਦੀ ਰਚਨਾ 600 ਈਸਵੀ ਪੂਰਵ ਤੋਂ ਪਹਿਲਾਂ ਹੋ ਚੁੱਕੀ ਹੋਵੇਗੀ, ਅਜਿਹਾ ਮੰਨਿਆ ਜਾਂਦਾ ਹੈ। ਇੱਕ ਮੱਤ ਅਨੁਸਾਰ ਮਹਾਂਰਿਸ਼ੀ ਵਾਲਮੀਕ ਜੀ ਦਾ ਆਸ਼ਰਮ ਰਾਮ ਤੀਰਥ ਅੰਮ੍ਰਿਤਸਰ ਵਿੱਚ ਸਥਿਤ ਸੀ। ਉੱਥੇ ਹੀ ਮਹਾਂਕਾਵਿ ਦਾ ਉਚਾਰਣ ਹੋਇਆ ਮੰਨਿਆ ਜਾਂਦਾ ਹੈ। ਉਨ੍ਹਾ ਰਮਾਇਣ ਦੇ ਨਾਇਕ ਨੂੰ ਇੱਕ ਆਦਰਸ਼ ਮਨੁੱਖ ਦੇ ਜੀਵਨ-ਜਾਚ ਦੇ ਪਾਤਰ ਵਜੋਂ ਚਿੱਤਰ/ਚਿਤਰ ਕੇ ਇਸ ਦਾ ਵਿਸ਼ਾ ਦੇ ਕਾਵਿ ਵਰਨਣ ਵਿੱਚ ਸਦਾਚਾਰੀ ਜੀਵਨ ਸ਼ੈਲੀ ਅਪਨਾਉਣ 'ਤੇ ਜ਼ੋਰ ਦਿੱਤਾ ਹੈ। ਰਮਾਇਣ ਦੇ ਅਧਿਐਨ ਤੋਂ ਉਨ੍ਹਾ ਦੇ ਜੀਵਨ ਦਾ ਬਿੰਬ ਇਸ ਪ੍ਰਕਾਰ ਉੱਭਰਦਾ ਹੈ ਕਿ ਉਹ ਜੀਵਨ ਵਿੱਚ ਸੱਚਾਈ ਨੂੰ ਬਹੁਤ ਉਚੇਰਾ ਸਥਾਨ ਦਿੰਦੇ ਸਨ ਤੇ ਸੱਚਾਈ ਹੀ ਧਰਮ ਹੈ, ਅਜਿਹਾ ਉਨ੍ਹਾ ਦਾ ਵਿਸ਼ਵਾਸ ਸੀ। ਉਹ ਧਾਰਮਿਕ ਤੇ ਸਦਾਚਾਰਕ ਰੁਚੀਆਂ ਨੂੰ ਜੀਵਨ ਦਾ ਜ਼ਰੂਰੀ ਅੰਗ ਸਮਝਦੇ ਸਨ। ਵਾਲਮੀਕ ਜੀ ਸਮੇਂ ਦੇ ਮਹਾਨ ਵਿਚਾਰਵਾਨ ਸਨ, ਪਰ ਸਭ ਤੋਂ ਪਹਿਲਾਂ ਉਹ ਮਹਾਨ ਕੋਮਲ ਹਿਰਦੇ ਵਾਲੇ ਕਵੀ ਸਨ। ਉਨ੍ਹਾ ਨੂੰ ਮਹਾਂਰਿਸ਼ੀ ਦੀ ਪ੍ਰਸਿੱਧੀ ਵੀ ਪ੍ਰਾਪਤ ਸੀ। ਉਹ ਆਮ ਲੋਕਾਂ ਦੀ ਜੀਵਨ ਸ਼ੈਲੀ, ਖਾਸ ਕਰ ਕੇ ਉੱਤਰੀ ਭਾਰਤ ਦੇ ਖਿੱਤੇ ਦੇ ਸਮਾਜਿਕ ਰੀਤੀ-ਰਿਵਾਜਾਂ, ਧਾਰਮਿਕ ਮਾਨਤਾਵਾਂ, ਰਾਜਨੀਤਕ ਪ੍ਰਬੰਧ ਦੀ ਸੂਝ ਰੱਖਣ ਵਾਲੇ ਤੇ ਉੱਚੀ ਪ੍ਰਤਿਭਾ ਵਾਲੇ ਦਾਰਸ਼ਨਿਕ ਸੋਚ ਦੇ ਧਾਰਨੀ ਸਨ।

ਰਮਾਇਣ ਵਿੱਚ ਪੰਜਾਬ ਦੀਆਂ ਨਦੀਆਂ, ਦਰਿਆਵਾਂ, ਸ਼ਹਿਰਾਂ ਦਾ ਜ਼ਿਕਰ ਵੀ ਆਉਂਦਾ ਹੈ, ਪਰ ਇਹ ਉੱਤਰੀ ਭਾਰਤ ਦੇ ਪ੍ਰਸੰਗ ਵਿੱਚ ਹੀ ਹੈ। ਉਨ੍ਹਾ ਦੀ ਮਹਾਨ ਰਚਨਾ ਮਨੁੱਖ ਦੇ ਸੁਹਜ ਦੀ ਤ੍ਰਿਪਤੀ ਤੇ ਮਨੋਰੰਜਨ ਦੀ ਭੁੱਖ ਵੀ ਦੂਰ ਕਰਦੀ ਹੈ ਤੇ ਨਾਲ ਹੀ ਮਨੁੱਖ ਨੂੰ ਆਦਰਸ਼ ਪ੍ਰੰਪਰਾਵਾਂ ਨੂੰ ਜੀਵਨ ਵਿੱਚ ਜਿਊਂਦਾ ਰੱਖਣ ਲਈ ਜਗਾਉਂਦੀ, ਝੰਜੋੜਦੀ, ਪ੍ਰੇਰਦੀ ਤੇ ਅਗਵਾਈ ਕਰਦੀ ਹੈ। ਇਸੇ ਲਈ ਉਨ੍ਹਾ ਸ੍ਰੀ ਰਾਮ ਨੂੰ ਇੱਕ ਆਦਰਸ਼ ਰੂਪ ਵਿੱਚ ਪੇਸ਼ ਕੀਤਾ ਹੈ। ਸ੍ਰੀ ਰਾਮ ਜੀ ਦੇ ਚਰਿੱਤਰ ਨਿਰਮਾਣ ਵਿੱਚੋਂ ਹੀ ਮਹਾਂਰਿਸ਼ੀ ਜੀ ਦੇ ਜੀਵਨ ਦੇ ਸਾਰ ਤੇ ਵਿਆਖਿਆ ਪੜ੍ਹੀ ਜਾ ਸਕਦੀ ਹੈ।

ਬੇਸ਼ੱਕ ਵਾਲਮੀਕ ਜੀ ਦੀ ਰਚਨਾ ਰਮਾਇਣ ਸੰਸਕ੍ਰਿਤ ਭਾਸ਼ਾ ਵਿੱਚ ਹੈ। ਭਾਸ਼ਾ ਦੀ ਸਰਲਤਾ ਅਤੇ ਸਾਦਗੀ ਇਸ ਦੀ ਕਥਾ/ਕਹਾਣੀ ਆਮ ਲੋਕਾਂ ਵਿੱਚ ਆਰੰਭ ਤੋਂ ਹੀ ਹਰਮਨ-ਪਿਆਰੀ ਰਹੀ ਹੈ ।ਤੇ ਇਹ ਕਹਾਣੀ ਲੋਕ-ਮਨਾਂ ਵਿੱਚ ਸਦੀਵ ਕਾਲ ਤੱਕ ਜਿਊਂਦੀ ਰਹੇਗੀ। ਇਹ ਭਾਰਤ ਵਿੱਚ ਆਮ ਲੋਕਾਈ ਲਈ ਪ੍ਰੇਰਨਾ ਦਾ ਸੋਮਾ ਹੈ, ਪਰ ਇਸ ਨੇ ਬਾਹਰਲੇ ਦੇਸਾਂ ਵਿੱਚ ਵੀ ਮਹੱਤਵਪੂਰਨ ਸਥਾਨ ਪ੍ਰਾਪਤ ਕੀਤਾ ਹੈ। ਇਹ ਸ੍ਰੀ ਰਾਮ ਜੀ ਦੇ ਸਮੁੱਚੇ ਜੀਵਨ ਦੀ ਕਹਾਣੀ ਹੈ ਤੇ ਇੱਕ ਜੀਵੰਤ ਪਰਵਾਹ ਵਾਲੀ ਰਚਨਾ ਹੈ, ਜਿਸ ਦੇ ਸਭ ਪਾਤਰ ਮਨੁੱਖੀ ਗੁਣ ਤੇ ਔਗੁਣ ਰੱਖਦੇ ਹਨ। ਸੁੱਖ-ਦੁੱਖ ਝੱਲਦੇ ਹਨ। ਉਨ੍ਹਾ ਦੇ ਪਾਤਰਾਂ ਦੇ ਚਿੱਤਰਣ ਵਿੱਚ ਮਨੁੱਖੀ ਸੁਭਾਅ ਦੀ, ਜੀਵਨ ਸ਼ੈਲੀ ਦੀ ਬੇਮਿਸਾਲ ਤੇ ਯਥਾਰਥਿਕ/ਆਦਰਸ਼ਿਕ ਪੇਸ਼ਕਾਰੀ ਹੈ। ਪਾਤਰਾਂ ਦੀ ਇੱਕ ਧਿਰ ਜ਼ਿੰਦਗੀ ਦੇ ਆਦਰਸ਼ ਨੂੰ ਰੂਪਮਾਨ ਕਰਦੀ ਹੈ ਤੇ ਦੂਜੀ ਧਿਰ ਬੁਰਾਈਆਂ ਨੂੰ ਪ੍ਰਦਰਸ਼ਤ ਕਰਦੀ ਹੈ। ਇਹ ਕਹਾਣੀ ਆਰੀਅਨ ਸਮਾਜ ਦੇ ਸਮੇਂ ਦੀ ਕਹਾਣੀ ਹੈ।

ਰਮਾਇਣ ਦੇ ਸਮੁੱਚੇ ਅਧਿਐਨ ਤੋਂ ਤੱਤਕਾਲੀ ਸਮਾਜ ਦੀ ਸੱਭਿਆਚਾਰਕ, ਧਾਰਮਿਕ ਤੇ ਰਾਜਨੀਤਕ ਪ੍ਰਬੰਧ ਦੀ ਭਰਪੂਰ ਜਾਣਕਾਰੀ ਮਿਲਦੀ ਹੈ। ਰਮਾਇਣ ਦੀ ਮਹਾਨਤਾ ਭਾਰਤੀਆਂ ਵੱਲੋਂ ਇਸ ਨੂੰ ਧਾਰਮਿਕ ਗ੍ਰੰਥ ਦੇ ਰੂਪ ਵਿੱਚ ਮਿਲੀ ਹੋਈ ਮਾਨਤਾ ਕਰ ਕੇ ਹੋਰ ਵੀ ਵਧੇਰੇ ਮਹੱਤਵਪੂਰਨ ਹੋ ਜਾਂਦੀ ਹੈ। ਰਮਾਇਣ ਪ੍ਰਾਚੀਨ ਸਨਾਤਨੀ ਹਿੰਦੂ ਧਰਮ ਦਾ ਇੱਕ ਸਰਵਸ਼ੇਸ਼ਟ ਗਰੰਥ ਹੈ।

ਸਭ ਤੋਂ ਵੱਧ ਇਸ ਗ੍ਰੰਥ ਦੀ ਮਹਾਨਤਾ ਇਸ ਦੇ ਸੰਦੇਸ਼ ਵਿੱਚ ਹੈ। ਇਸ ਦੇ ਸੰਦੇਸ਼ ਦੇ ਪ੍ਰੇਰਨਾ ਦੇ ਸੋਮੇ ਹੋਣ ਦੇ ਕਈ ਕਾਰਨ ਹਨ। ਇਸ ਦੇ ਸੰਦੇਸ਼ ਦਾ ਆਧਾਰ ਸੱਚਾਈ, ਸਦਾਚਾਰ, ਕਰਤੱਵ ਦੀ ਪਾਲਣਾ, ਰਿਸ਼ਤਿਆਂ ਦੀ ਸਮਝ ਤੇ ਸਤਿਕਾਰ, ਲੋਕ ਕਲਿਆਣ ਅਤੇ ਆਦਰਸ਼ ਪਰਵਾਰ, ਪੁੱਤਰ ਧਰਮ, ਭਰਾਤਾ ਪਿਆਰ ਤੇ ਪਤਨੀ ਧਰਮ, ਮਿਸਾਲੀ ਮਿੱਤਰਤਾ ਭਾਵ ਅਤੇ ਬਿਹਤਰ ਸਮਾਜ ਦੀ ਉਸਾਰੀ ਹੈ। ਇਸ ਮਹਾਂਕਾਵਿ ਦੀ ਕਹਾਣੀ ਵਿੱਚ ਦੂਜੀ ਧਿਰ ਦਾ ਮੁਕਾਬਲੇ ਦਾ ਪਾਤਰ ਰਾਵਣ ਇੱਕ ਕੁਸ਼ਲ ਵਿਦਵਾਨ ਤੇ ਇੱਕ ਪ੍ਰਬੀਨ ਰਾਜ ਪ੍ਰਬੰਧਕ ਸੀ, ਪਰ ਉਸ ਦੇ ਭੌਤਿਕ ਗੁਣ ਹੰਕਾਰ, ਸੰਯਮਹੀਣ ਆਚਰਣ ਤੇ ਆਪਹੁਦਰਾਪਣ ਉਸ ਦੀ ਕਮਜ਼ੋਰੀ ਨੂੰ ਜ਼ਾਹਿਰ ਕਰਦੇ ਹਨ। ਉਹ ਜੀਵਨ ਦੇ ਸਹੀ ਮੁੱਲਾਂ ਤੋਂ ਥਿੜਕ ਜਾਣ ਕਰ ਕੇ ਦੁੱਖਦਾਈ ਅੰਤ ਭੋਗਦਾ ਹੈ। ਰਾਵਣ ਅਤੇ ਉਸ ਦੇ ਸਹਾਇਕ ਪਾਤਰਾਂ ਦਾ ਔਗੁਣ ਭਰਪੂਰ ਜੀਵਨ ਵਿਹਾਰ ਵੀ ਸਹੀ ਜੀਵਨ ਮੁੱਲ ਤੇ ਆਦਰਸ਼ ਅਪਨਾਉਣ ਦੀ ਪ੍ਰੇਰਨਾ ਹੀ ਦਿੰਦਾ ਹੈ।

ਇਹ ਵਿਯੋਗ ਦੀ ਕਹਾਣੀ ਤੇ ਕਰੁਣਾਮਈ ਕਹਾਣੀ ਹੈ। ਇਸ ਕਹਾਣੀ ਦਾ ਸਾਰ ਮਨੁੱਖ ਨੂੰ ਸਹੀ ਜੀਵਨ-ਜਾਚ ਅਪਨਾਉਣ ਦੀ ਜ਼ੋਰਦਾਰ ਪ੍ਰੇਰਨਾ ਦਿੰਦਾ ਹੈ। ਮਹਾਂਰਿਸ਼ੀ ਵਾਲਮੀਕ ਜੀ ਦੀ ਰਚਨਾ ਦਾ ਇੱਕ ਹੋਰ ਅਹਿਮ ਪੱਖ ਆਦਰਸ਼ ਰਾਜ ਪ੍ਰਬੰਧ ਤੇ ਆਦਰਸ਼ ਰਾਜ ਦੀ ਕਲਪਨਾ ਵਿੱਚ ਵਿਦਮਾਨ ਹੈ। ਇਹ ਸੰਕਲਪ ਤਤਕਾਲੀਨ ਸਮੇਂ ਤੇ ਭਵਿੱਚ ਦੇ ਸਮੇਂ ਲਈ ਲੋਕਾਂ ਦੀਆਂ ਭਾਵਨਾਵਾਂ ਤੇ ਉਮੰਗਾਂ ਦੀ ਪੂਰਤੀ ਲਈ ਇੱਕ ਲੋਕ ਕਲਿਆਣਕਾਰੀ ਰਾਜੇ ਤੇ ਰਾਜ (ਸਟੇਟ) ਦਾ ਸੰਕਲਪ ਹੈ।

ਇਸ ਹਕੀਕਤ ਦੀ ਪ੍ਰਾਪਤੀ ਲਈ ਰਮਾਇਣ ਤੋਂ ਪ੍ਰੇਰਨਾ ਤੇ ਅਗਵਾਈ ਲੈਂਦਿਆਂ ਅਜਿਹਾ ਰਾਜ ਸਥਾਪਤ ਕਰਨ ਲਈ ਯਤਨਸ਼ੀਲ ਰਹਿਣਾ ਹਰ ਭਾਰਤੀ ਦਾ ਕਰਤੱਵ ਹੈ ਤੇ ਇਸ ਲਈ ਸਮਾਜ ਵਿੱਚ ਕੌਮੀ ਏਕਤਾ ਤੇ ਭਾਈਚਾਰਕ ਸਾਂਝ ਦੀ ਮਜ਼ਬੂਤ ਸਥਾਪਤੀ ਲਈ ਦੇਸ਼ ਵਾਸੀਆਂ ਨੂੰ ਮਿਲ-ਜੁਲ ਕੇ ਕੰਮ ਕਰਨਾ ਚਾਹੀਦਾ ਹੈ। ਮਹਾਂਰਿਸ਼ੀ ਵਾਲਮੀਕ ਜੀ ਦੀ ਸਿੱਖਿਆ ਨੂੰ ਅਮਲੀ ਜੀਵਨ ਵਿੱਚ ਅਪਨਾਉਣਾ ਹੀ ਸਹੀ ਰੂਪ ਵਿੱਚ ਉਨ੍ਹਾ ਦੀ ਮਾਨਤਾ ਹੈ। ਇਹ ਢੰਗ ਮਹਾਨ ਭਾਰਤੀ ਮਹਾਂਕਵੀ ਨੂੰ ਯਾਦ ਕਰਨ ਲਈ ਸਭ ਤੋਂ ਵੱਧ ਢੁਕਵਾਂ ਹੈ।

# ਸੰਪਰਕ : 98553-78075

# ਨਸ਼ਾ ਤਸਕਰੀ ਵਿਰੁੱਧ ਕਾਰਵਾਈ ਦੌਰਾਨ 18 ਕੇਸ ਦਰਜ, 19 ਕਾਬੂ



ਪਟਿਆਲਾ (ਰਾਜਿੰਦਰ ਸਿੰਘ ਥਿੰਦ)

ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੇ ਖਾਤਮੇ ਲਈ ਚਲਾਈ ਜਾ ਰਹੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਪੁਲਿਸ ਨੇ ਜ਼ਿਲ੍ਹੇ 'ਚ 20 ਹਾਟ-ਸਪਾਟਸ 'ਤੇ ਕਾਸੋ ਉਪਰੇਸ਼ਨ ਚਲਾਇਆ।ਐਸ ਐਸ ਪੀ ਹਰਮਨਦੀਪ ਸਿੰਘ ਹਾਂਸ ਨੇ ਇਸ ਉਪਰੇਸ਼ਨ ਦੀ ਖੁਦ ਅਗਵਾਈ ਕੀਤੀ।ਇਸ ਦੌਰਾਨ ਐਸ ਪੀ (ਸਿਟੀ) ਮੋਹਿਤ ਅਗਰਵਾਲ, ਐਸ ਪੀ ਜਾਂਚ ਰਜੇਸ਼ ਛਿੱਬੜ, ਐਸ ਪੀ ਟ੍ਰੈਫ਼ਿਕ ਤੇ ਉਪਰੇਸ਼ਨ ਅਸ਼ੋਕ ਕੁਮਾਰ, ਐਸ ਪੀ ਰਾਜਪੁਰਾ ਬਿਕਰਮਜੀਤ ਸਿੰਘ ਬਰਾੜ ਤੇ ਡੀਐਸਪੀਜ਼ ਨੇ ਵੀ ਵਿਸ਼ੇਸ਼ ਅਗਵਾਈ ਕੀਤੀ।ਪੁਲਸ ਨੇ ਸਿਵਲ ਪ੍ਰਸ਼ਾਸਨ ਦੇ ਸਹਿਯੋਗ ਨਾਲ ਜ਼ਿਲ੍ਹੇ ਵਿੱਚ ਨਸ਼ਾ ਤਸਕਰਾਂ ਤੇ ਸਮਾਜ ਵਿਰੋਧੀ ਅਨਸਰਾਂ ਵਿਰੁੱਧ ਕਾਰਵਾਈ ਕਰਦਿਆਂ ਸਾਰੇ ਹਾਟ-ਸਪਾਟਸ 'ਤੇ ਕੀਤੇ ਕੋਰਡਨ ਐਂਡ ਸਰਚ ਆਪ੍ਰੇਸ਼ਨ (ਕਾਸੋ) ਦੌਰਾਨ ਐਨ.ਡੀ.ਪੀ.ਐਸ. ਐਕਟ ਤਹਿਤ 18 ਮੁਕੱਦਮੇ ਦਰਜ ਕਰਕੇ 19 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਤੇ ਵੱਖ-ਵੱਖ ਤਰ੍ਹਾਂ ਦੇ ਨਸ਼ੀਲੇ ਪਦਾਰਥ ਬਰਾਮਦ ਕੀਤੇ।

ਐਸ ਐਸ ਪੀ ਨੇ ਦੱਸਿਆ ਕਿ ਪੰਜਾਬ ਦੇ ਸਪੈਸ਼ਲ ਡਾਇਰੈਕਟਰ ਜਨਰਲ ਆਫ਼ ਪੁਲਿਸ, ਲਾਅ ਐਂਡ ਆਰਡਰ ਤੇ ਪਟਿਆਲਾ ਰੇਂਜ ਦੇ ਡਿਪਟੀ ਇੰਸਪੈਕਟਰ ਜਨਰਲ ਪੁਲਿਸ ਕੁਲਦੀਪ ਸਿੰਘ ਚਹਿਲ, ਵੱਲੋਂ ਜਾਰੀ ਹਦਾਇਤਾਂ ਦੀ ਪਾਲਣਾ ਕਰਦਿਆਂ ਇਹ ਮੁਹਿੰਮ ਚਲਾਈ ਗਈ।ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਅਜਿਹੇ ਸਰਚ ਆਪ੍ਰੇਸ਼ਨ ਲਗਾਤਾਰ ਜਾਰੀ ਰਹਿਣਗੇ ਅਤੇ ਨਸ਼ਾ ਤਸਕਰੀ ਵਿੱਚ ਸ਼ਾਮਲ ਵਿਅਕਤੀਆਂ ਨੂੰ ਬਖਸ਼ਿਆ ਨਹੀਂ ਜਾਵੇਗਾ।ਐਸ ਐਸ ਪੀ ਹਰਮਨਦੀਪ ਸਿੰਘ ਹਾਂਸ ਨੇ ਅੱਗੇ ਦੱਸਿਆ ਕਿ ਪੁਲਿਸ ਵੱਲੋਂ ਕੀਤੀ ਗਈ ਕਾਰਵਾਈ ਦੌਰਾਨ ਕੁੱਲ 20 ਕਿੱਲੋ ਭੁੱਕੀ, 5.25 ਗ੍ਰਾਮ ਪਾਊਡਰ, 197 ਨਸ਼ੀਲੀਆਂ ਗੋਲੀਆਂ ਅਤੇ ਨਜ਼ਾਇਜ ਸ਼ਰਾਬ ਦੀਆਂ 8 ਬੋਤਲਾਂ ਬਰਾਮਦ ਕੀਤੀਆਂ ਗਈਆਂ। ਹਰਮਨਦੀਪ ਹਾਂਸ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਤੇ ਡੀਜੀਪੀ ਗੌਰਵ ਯਾਦਵ ਦੀ ਅਗਵਾਈ ਹੇਠ ਚਲਾਈ ਜਾ ਰਹੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦਾ ਉਦੇਸ਼ ਨਸ਼ਾ ਤਸਕਰੀ ਦੀਆਂ ਗਤੀਵਿਧੀਆਂ 'ਤੇ ਰੋਕ ਲਾਉਣਾ ਤੇ ਨਸ਼ਿਆਂ ਦੇ ਕਾਰੋਬਾਰ ਵਿੱਚ ਸ਼ਾਮਲ ਵਿਅਕਤੀਆਂ ਵਿਰੁੱਧ ਕਾਨੂੰਨ ਅਨੁਸਾਰ ਕਾਰਵਾਈ ਕਰਨਾ ਹੈ।

# ਪੰਜਾਬ ਸਪੋਰਟਸ ਯੂਨੀਵਰਸਿਟੀ 'ਚ ਕੁੜੀਆਂ ਲਈ 15 ਕਰੋੜ ਦੀ ਲਾਗਤ ਨਾਲ ਬਣੇਗਾ ਆਧੁਨਿਕ ਹੋਸਟਲ : ਚੀਮਾ



ਪਟਿਆਲਾ (ਰਾਜਿੰਦਰ ਸਿੰਘ ਥਿੰਦ)

ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਪੰਜਾਬ ਸਪੋਰਟਸ ਯੂਨੀਵਰਸਿਟੀ ਵਿਖੇ ਕਰਾਏ ਗਏ ਪਹਿਲੇ ਯੁਵਕ ਮੇਲੇ ਲਈ ਵਾਈਸ ਚਾਂਸਲਰ ਡਾ. ਪੁਸ਼ਪਿੰਦਰ ਸਿੰਘ ਗਿੱਲ ਨੂੰ ਵਧਾਈ ਦਿੰਦਿਆਂ ਕਿਹਾ ਕਿ ਉਨ੍ਹਾਂ ਦੇ ਵਿਸ਼ੇਸ਼ ਉਪਰਾਲਿਆਂ ਸਦਕਾ ਯੂਨੀਵਰਸਿਟੀ ਆਪਣੀ ਵੱਖਰੀ ਪਛਾਣ ਬਣਾ ਰਹੀ ਹੈ।ਉਨ੍ਹਾਂ ਯੂਨੀਵਰਸਿਟੀ ਦੀ ਤਰੱਕੀ ਲਈ ਹਰ ਸੰਭਵ ਸਹਿਯੋਗ ਦੇਣ ਦੀ ਪੇਸ਼ਕਸ਼ ਕਰਦਿਆਂ ਐਲਾਨ ਕੀਤਾ ਕਿ ਲੜਕੀਆਂ ਲਈ ਸਾਰੀਆਂ ਆਧੁਨਿਕ ਸਹੂਲਤਾਂ ਨਾਲ ਲੈਸ ਹੋਸਟਲ 15 ਕਰੋੜ ਰੁਪਏ ਦੀ ਲਾਗਤ ਨਾਲ ਬਣਾਇਆ ਜਾਵੇਗਾ।

ਉਨ੍ਹਾਂ ਕਿਹਾ ਕਿ ਖਿਡਾਰੀਆਂ ਦੀ ਲੰਮੇ ਸਮੇਂ ਤੋਂ ਚੱਲੀ ਆ ਰਹੀ ਮੰਗ ਨੂੰ ਧਿਆਨ ਵਿੱਚ ਰੱਖਦਿਆਂ ਪੰਜਾਬ ਪੁਲਸ ਵਿੱਚ ਖਿਡਾਰੀਆਂ ਲਈ ਰਾਖਵਾਂਕਰਨ 3 ਫ਼ੀਸਦੀ ਤੋਂ ਵਧਾ ਕੇ 10 ਫ਼ੀਸਦੀ ਕੀਤਾ ਜਾਵੇਗਾ।ਵਿੱਤ ਮੰਤਰੀ ਨੇ ਕਿਹਾ ਕਿ ਇਹ ਪਹਿਲੀ ਵਾਰ ਹੈ ਜਦੋਂ ਵੱਖ-ਵੱਖ ਕਾਲਜਾਂ ਦੇ ਵਿਦਿਆਰਥੀਆਂ ਨੇ ਪੰਜਾਬ ਸਪੋਰਟਸ ਯੂਨੀਵਰਸਿਟੀ ਵਿਖੇ ਪਹੁੰਚ ਕੇ ਯੁਵਕ ਮੇਲੇ ਵਿੱਚ ਉਤਸ਼ਾਹ ਨਾਲ ਭਾਗ ਲਿਆ ਹੈ।ਉਨ੍ਹਾਂ ਕਿਹਾ ਕਿ ਅਜਿਹੇ ਉਪਰਾਲੇ ਵਿਦਿਆਰਥੀਆਂ ਦੀ ਪ੍ਰਤਿਭਾ ਨੂੰ ਨਿਖਾਰਨ ਅਤੇ ਉਨ੍ਹਾਂ ਨੂੰ ਪੰਜਾਬ ਦੇ ਅਮੀਰ ਸੱਭਿਆਚਾਰ ਤੇ ਵਿਰਸੇ ਨਾਲ ਜੋੜਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਇੱਕ ਸਵਾਲ ਦੇ ਜਵਾਬ ਵਿੱਚ ਚੀਮਾ ਨੇ ਕਿਹਾ ਕਿ ਭਾਜਪਾ ਦੀਆਂ ਨੀਤੀਆਂ ਪੰਜਾਬ ਦੇ ਹਿੱਤਾਂ ਦੇ ਅਨੁਕੂਲ ਨਹੀਂ ਹਨ, ਜਿਸ ਕਾਰਨ ਸੂਬੇ ਨੂੰ ਆਪਣੇ ਹੱਕ ਨਹੀਂ ਮਿਲ ਰਹੇ।

ਉਨ੍ਹਾਂ ਦੋਸ਼ ਲਾਇਆ ਕਿ ਭਾਜਪਾ ਪੰਜਾਬ ਦੇ ਕਿਸਾਨਾਂ ਨੂੰ ਨਿਸ਼ਾਨਾ ਬਣਾ ਰਹੀ ਹੈ, ਜਦਕਿ ਆਮ ਆਦਮੀ ਪਾਰਟੀ ਦੀ ਸਰਕਾਰ ਕਿਸਾਨਾਂ ਦੇ ਨਾਲ ਖੜ੍ਹੀ ਹੈ।ਉਨ੍ਹਾਂ ਪੰਜਾਬ ਦੀ ਵਿੱਤੀ ਸਥਿਤੀ ਨੂੰ ਠੀਕ ਦੱਸਦਿਆਂ ਕਿਹਾ ਕਿ ਮਾਵਾਂ-ਧੀਆਂ ਯੋਜਨਾ ਸਮੇਤ ਸਰਕਾਰ ਦੀਆਂ ਹੋਰ ਯੋਜਨਾਵਾਂ ਸੁਚਾਰੂ ਢੰਗ ਨਾਲ ਚੱਲ ਰਹੀਆਂ ਹਨ।ਇਸ ਮੌਕੇ ਮੈਂਬਰ ਪਾਰਲੀਮੈਂਟ ਗੁਰਮੀਤ ਸਿੰਘ ਮੀਤ ਹੇਅਰ ਨੇ ਕਿਹਾ ਕਿ ਪੰਜਾਬ ਸਪੋਰਟਸ ਯੂਨੀਵਰਸਿਟੀ ਪਹਿਲਾਂ ਹੀ ਖੇਡਾਂ ਦੇ ਖੇਤਰ ਵਿੱਚ ਮੋਹਰੀ ਭੂਮਿਕਾ ਨਿਭਾਅ ਰਹੀ ਹੈ ਤੇ ਹੁਣ ਸੱਭਿਆਚਾਰਕ ਗਤੀਵਿਧੀਆਂ ਵਿੱਚ ਵੀ ਆਪਣੀ ਵਿਸ਼ੇਸ਼ ਪਛਾਣ ਬਣਾਉਣ ਵੱਲ ਵਧ ਰਹੀ ਹੈ।ਉਨ੍ਹਾਂ ਇਸ ਉਪਰਾਲੇ ਲਈ ਵਾਈਸ ਚਾਂਸਲਰ ਡਾ. ਪੁਸ਼ਪਿੰਦਰ ਸਿੰਘ ਗਿੱਲ ਅਤੇ ਯੂਨੀਵਰਸਿਟੀ ਪ੍ਰਸ਼ਾਸਨ ਨੂੰ ਵਧਾਈ ਦਿੱਤੀ।

ਯੁਵਕ ਮੇਲੇ ਬਾਰੇ ਵਾਈਸ ਚਾਂਸਲਰ ਡਾ. ਪੁਸ਼ਪਿੰਦਰ ਸਿੰਘ ਗਿੱਲ ਨੇ ਕਿਹਾ ਕਿ ਯੂਨੀਵਰਸਿਟੀ ਦੇ ਬਹੁਪੱਖੀ ਵਿਕਾਸ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਦੇ ਪਹਿਲੇ ਯੁਵਕ ਮੇਲੇ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਖੇਡਾਂ ਅਤੇ ਪੜ੍ਹਾਈ ਦੇ ਨਾਲ-ਨਾਲ ਸੱਭਿਆਚਾਰਕ ਗਤੀਵਿਧੀਆਂ ਰਾਹੀਂ ਪੰਜਾਬ ਦੇ ਅਲੋਪ ਹੋ ਰਹੇ ਵਿਰਸੇ ਤੇ ਵਿਰਾਸਤ ਨਾਲ ਜੋੜਨਾ ਹੈ। ਉਨ੍ਹਾਂ ਦੱਸਿਆ ਕਿ ਯੁਵਕ ਮੇਲੇ ਦੌਰਾਨ ਪੰਜਾਬ ਦੇ ਅਮੀਰ ਸੱਭਿਆਚਾਰ ਦੀਆਂ ਵੱਖ-ਵੱਖ ਝਲਕੀਆਂ ਦੇਖਣ ਨੂੰ ਮਿਲੀਆਂ।ਮੇਲੇ ਵਿੱਚ ਗਿੱਧਾ, ਭੰਗੜਾ, ਸਕਿੱਟ, ਮਿਮਿਕਰੀ, ਰਵਾਇਤੀ ਗੀਤ, ਲੋਕ ਗੀਤ ਤੇ ਪ੍ਰਦਰਸ਼ਨੀ ਪਹਿਰਾਵੇ ਵਰਗੀਆਂ ਮੰਚੀ ਕਲਾਵਾਂ ਤੋਂ ਇਲਾਵਾ ਭਾਸ਼ਣ ਮੁਕਾਬਲੇ, ਕਵਿਤਾ ਉਚਾਰਨ, ਪੋਸਟਰ ਮੇਕਿੰਗ ਅਤੇ ਕੋਲਾਜ ਮੇਕਿੰਗ ਦੇ ਮੁਕਾਬਲੇ ਕਰਵਾਏ ਗਏ।ਇਸੇ ਤਰ੍ਹਾਂ ਕੋਮਲ ਕਲਾਵਾਂ ਅਧੀਨ ਨਾਲਾ ਬੁਣਨਾ, ਪੱਖੀ ਬੁਣਨਾ, ਗੁੱਡੀਆਂ-ਪਟੋਲੇ ਬਣਾਉਣਾ, ਮਿੱਟੀ ਦੇ ਖਿਡੌਣੇ ਤਿਆਰ ਕਰਨਾ ਤੇ ਰੰਗੋਲੀ ਬਣਾਉਣ ਵਰਗੀਆਂ ਗਤੀਵਿਧੀਆਂ ਕਰਾਈਆਂ ਗਈਆਂ।ਲੋਕ ਖੇਡਾਂ ਵਿੱਚ ਸ਼ਟਾਪੂ, ਗੀਟੇ, ਰੱਸੀ ਟੱਪਣਾ ਅਤੇ ਰੱਸਾਕਸ਼ੀ ਦੇ ਮੁਕਾਬਲੇ ਵੀ ਖਿੱਚ ਦਾ ਕੇਂਦਰ ਰਹੇ।

ਡਾ. ਗਿੱਲ ਨੇ ਦੱਸਿਆ ਕਿ ਇਸ ਮੇਲੇ ਵਿੱਚ ਪੰਜਾਬ ਦੇ 15 ਤੋਂ ਵੱਧ ਵੱਖ-ਵੱਖ ਕਾਲਜਾਂ ਦੇ ਵਿਦਿਆਰਥੀਆਂ ਨੇ ਸ਼ਮੂਲੀਅਤ ਕੀਤੀ। ਯੂਨੀਵਰਸਿਟੀ ਪ੍ਰਸ਼ਾਸਨ ਵੱਲੋਂ ਭਾਗ ਲੈਣ ਵਾਲੇ ਵਿਦਿਆਰਥੀਆਂ ਦੇ ਰਹਿਣ ਤੇ ਖਾਣ-ਪੀਣ ਦੇ ਪੁਖ਼ਤਾ ਪ੍ਰਬੰਧ ਕੀਤੇ ਗਏ।ਉਨ੍ਹਾਂ ਕਿਹਾ ਕਿ ਮੇਲੇ ਦਾ ਮਕਸਦ ਵਿਦਿਆਰਥੀਆਂ ਅੰਦਰ ਛੁਪੀ ਪ੍ਰਤਿਭਾ ਦੀ ਪਛਾਣ ਕਰਨਾ ਅਤੇ ਉਨ੍ਹਾਂ ਨੂੰ ਸੱਭਿਆਚਾਰਕ ਗਤੀਵਿਧੀਆਂ ਰਾਹੀਂ ਆਪਣੇ ਹੁਨਰ ਨੂੰ ਹੋਰ ਨਿਖਾਰਨ ਦੇ ਮੌਕੇ ਪ੍ਰਦਾਨ ਕਰਨਾ ਹੈ।

# ਕਮਿਸ਼ਨ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਵਚਨਬੱਧ : ਜਤਿੰਦਰ ਸਿੰਘ ਸ਼ੰਟੀ



ਫ਼ਰੀਦਕੋਟ/ਕੋਟਕਪੂਰਾ (ਐਲਿਗਜੈਂਡਰ ਡਿਸੂਜਾ)

ਮਨੁੱਖੀ ਅਧਿਕਾਰ ਕਮਿਸ਼ਨ ਪੰਜਾਬ ਚੰਡੀਗੜ੍ਹ ਦੇ ਮੈਂਬਰ ਪਦਮ ਸ਼੍ਰੀ ਜਤਿੰਦਰ ਸਿੰਘ ਸ਼ੰਟੀ ਵੱਲੋਂ ਐਤਵਾਰ ਨੂੰ ਬਾਬਾ ਫਰੀਦ ਨਰਸਿੰਗ ਕਾਲਜ, ਫਰੀਦਕੋਟ ਰੋਡ, ਕੋਟਕਪੂਰਾ ਵਿਖੇ ਦੌਰਾ ਕੀਤਾ ਗਿਆ।ਉਨ੍ਹਾਂ ਨੇ ਜਨਤਕ ਸੁਣਵਾਈ ਦੌਰਾਨ ਲੋਕਾਂ ਦੀਆਂ ਮੁਸ਼ਕਿਲਾਂ ਸੁਣੀਆਂ, ਉਨ੍ਹਾਂ ਕਿਹਾ ਕਿ ਮਨੁੱਖੀ ਅਧਿਕਾਰਾਂ ਦੀ ਰਾਖੀ ਅਤੇ ਪੀੜਤਾਂ ਨੂੰ ਨਿਆਂ ਦਿਵਾਉਣ ਲਈ ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਵਚਨਬੱਧ ਹੈ।ਉਨ੍ਹਾਂ ਕਿਹਾ ਕਿ ਲੋਕਾਂ ਦੇ ਅਧਿਕਾਰਾਂ ਦੀ ਰੱਖਿਆ ਪਹਿਲ ਦੇ ਆਧਾਰ 'ਤੇ ਕੀਤੀ ਜਾਵੇਗੀ।ਉਨ੍ਹਾਂ ਦੱਸਿਆ ਕਿ ਇਸ ਵਾਸਤੇ ਸੂਬੇ ਦੇ ਸਾਰੇ ਜ਼ਿਲ੍ਹਿਆਂ ਵਿੱਚ ਕੋਰ ਗਰੁੱਪ ਬਣਾਏ ਗਏ ਹਨ, ਜੋ ਕਿ ਸਰਗਰਮੀ ਨਾਲ ਕੰਮ ਕਰ ਰਹੇ ਹਨ।ਇਸ ਦੌਰਾਨ ਉਨ੍ਹਾਂ ਅਧਿਕਾਰੀਆਂ/ਕਰਮਚਾਰੀਆਂ, ਐਨ.ਜੀ.ਓਜ਼ ਦੇ ਨੁਮਾਇੰਦਿਆਂ, ਸਰਪੰਚਾਂ ਨਾਲ ਵੀ ਗੱਲਬਾਤ ਕੀਤੀ।ਸ. ਸ਼ੰਟੀ ਨੇ ਦੱਸਿਆ ਕਿ ਕਮਿਸ਼ਨ ਵੱਲੋਂ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਨਵੀਆਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ।ਉਨ੍ਹਾਂ ਦੱਸਿਆ ਕਿ ਕਮਿਸ਼ਨ ਵੱਲੋਂ ਰਾਜ ਭਰ ਦੇ ਸਾਰੇ ਜ਼ਿਲ੍ਹਿਆਂ ਵਿੱਚ 15 ਮੈਂਬਰੀ ਕੋਰ ਗਰੁੱਪਾਂ ਦਾ ਗਠਨ ਕੀਤਾ ਗਿਆ ਹੈ, ਜਿਸ ਵਿੱਚ ਜ਼ਿਲ੍ਹੇ ਦੀਆਂ ਸਮਾਜ ਸੇਵੀ ਸੰਸਥਾਵਾਂ ਦੇ ਨੁਮਾਇੰਦੇ ਸ਼ਾਮਲ ਹਨ, ਤਾਂ ਕਿ ਪੀੜਤਾਂ ਨੂੰ ਤੁਰੰਤ ਨਿਆਂ ਦਿਵਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਸਮਾਜ ਸੇਵੀ ਸੰਸਥਾਵਾਂ ਦੇ ਨੁਮਾਇੰਦੇ ਦਫ਼ਤਰੀ ਕੰਮਾਂ ਵਾਲੇ ਦਿਨ ਸੋਮਵਾਰ ਤੋਂ ਸ਼ੁੱਕਰਵਾਰ 11 ਤੋਂ 1 ਵਜੇ ਤੱਕ ਪ੍ਰਸ਼ਾਸਨਿਕ/ਪੁਲਿਸ ਅਧਿਕਾਰੀਆਂ ਨੂੰ ਮਿਲ ਸਕਦੇ ਹਨ।ਉਨ੍ਹਾਂ ਕਿਹਾ ਕਿ ਕਮਿਸ਼ਨ ਦਾ ਮੁੱਖ ਉਦੇਸ਼ ਹਰ ਨਾਗਰਿਕ ਨੂੰ ਸੰਵਿਧਾਨ ਅਨੁਸਾਰ ਪ੍ਰਾਪਤ ਮੌਲਿਕ ਅਧਿਕਾਰਾਂ ਦੀ ਪੂਰੀ ਸੁਰੱਖਿਆ ਮੁਹੱਈਆ ਕਰਵਾਉਣਾ ਹੁੰਦਾ ਹੈ। ਉਨ੍ਹਾਂ ਕਿਹਾ ਕਿ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਿਸੇ ਵੀ ਸੂਰਤ ਵਿੱਚ ਬਰਦਾਸ਼ਤ ਨਹੀਂ ਕੀਤੀ ਜਾਵੇਗੀ।ਸ੍ਰੀ ਸ਼ੰਟੀ ਨੇ ਇਹ ਵੀ ਦੱਸਿਆ ਕਿ ਮਨੁੱਖੀ ਅਧਿਕਾਰ ਕਮਿਸ਼ਨ ਵੱਲੋਂ ਇਹ ਵੀ ਐਡਵਾਈਜਰੀ ਜਾਰੀ ਕੀਤੀ ਗਈ ਹੈ, ਕਿ ਕੋਈ ਵੀ ਹਸਪਤਾਲ ਮਰੀਜ਼ ਦੀ ਮੌਤ ਉਪਰੰਤ ਲਾਸ਼ ਨੂੰ ਹਸਪਤਾਲ ਦਾ ਬਿੱਲ ਨਾ ਦੇਣ ਦੇ ਮਾਮਲਿਆਂ ਵਿੱਚ ਲਾਸ਼ ਨੂੰ ਰੱਖ ਨਹੀਂ ਸਕਦਾ ਤੇ ਸਬੰਧਤ ਪਰਿਵਾਰ ਨੂੰ ਮ੍ਰਿਤਕ ਦੀ ਲਾਸ਼ ਦੇਣੀ ਲਾਜ਼ਮੀ ਕੀਤੀ ਗਈ ਹੈ।ਵਧੀਕ ਡਿਪਟੀ ਕਮਿਸ਼ਨਰ (ਜ) ਸ਼੍ਰੀ ਕੇਸ਼ਵ ਗੋਇਲ ਨੇ ਕਿਹਾ ਕਿ ਮਨੁੱਖੀ ਅਧਿਕਾਰਾਂ ਦੀ ਸੁਰੱਖਿਆ ਲਈ ਅਧਿਕਾਰੀਆਂ ਨੂੰ ਹਦਾਇਤਾਂ ਕਰ ਦਿੱਤੀਆਂ ਗਈਆਂ ਹਨ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ), ਸੰਦੀਪ ਮਲਹੋਤਰਾ, ਐਸ.ਡੀ.ਐਮ ਕੋਟਕਪੂਰਾ ਰਜਿੰਦਰ ਸਿੰਘ, ਐਸ.ਡੀ.ਐਮ ਜੈਤੋ ਸ਼੍ਰੀ ਵਿਕਰਮਜੀਤ ਸਿੰਘ, ਡੀ.ਆਰ,ਓ ਲਵਪ੍ਰੀਤ ਕੌਰ, ਮਨਿੰਦਰਪਾਲ ਸਿੰਘ ਈ.ਓ, ਈ.ਓ ਫਰੀਦਕੋਟ ਅੰਮ੍ਰਿਤ ਲਾਲ, ਬੀ.ਡੀ.ਪੀ.ਓ ਵਿਕਾਸ ਸ਼ਰਮਾ, ਤਹਿਸੀਲਦਾਰ ਪਰਮਿੰਦਰ ਸਿੰਘ, ਐਸ.ਪੀ ਨਰਿੰਦਰ ਸਿੰਘ, ਸ੍ਰੀ ਨਿਰਵੈਰ ਸਿੰਘ ਬਰਾੜ ਡਿਪਟੀ ਡਾਇਰੈਕਟਰ ਡੇਅਰੀ, ਕੋਰ ਕਮੇਟੀ ਦੇ ਪ੍ਰਧਾਨ ਰਜਿੰਦਰ ਦਾਸ ਸਿੰਘ ਰਿੰਕੂ, ਜ਼ਿਲ੍ਹਾ ਪ੍ਰੋਗਰਾਮ ਅਫਸਰ ਰਤਨਦੀਪ ਕੌਰ ਸੰਧੂ, ਸ਼੍ਰੀ ਨਵੀਨ ਕੁਮਾਰ ਐਕਸੀਐਨ ਪੀ.ਡਬਲਿਊ.ਡੀ, ਸਿਵਲ ਸਰਜਨ ਡਾ.ਪਰਵਜੀਤ ਸਿੰਘ, ਸ੍ਰੀ ਰਵੀਦੀਪ ਸਿੰਗਲਾ ਐਕਸੀਐਨ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ, ਸ਼੍ਰੀ ਸੀਤਾ ਰਾਮ ਜਨਰਲ ਮੈਨੇਜਰ ਪੀ.ਆਰ.ਟੀ.ਸੀ, ਸ੍ਰੀ ਚਮਕੌਰ ਸਿੰਘ ਵਣ ਰੇਂਜ ਅਫਸਰ, ਸੰਦੀਪ ਕਟਾਰੀਆ, ਅਮਨਦੀਪ ਸਿੰਘ, ਜਸਵੀਰ ਸਿੰਘ ਜੱਸੀ, ਗੁਰਸੇਵਕ ਸਿੰਘ ਨਸ਼ਾ ਕੋਆਰਡੀਨੇਟ, ਪੀ.ਐਸ.ਪੀ.ਸੀ.ਐਲ ਇਕਬਾਲ ਸਿੰਘ ਏ.ਈ.ਈ, ਡਾ. ਵਰਿੰਦਰ ਸਿੰਘ ਐਸ.ਐਮ.ਓ ਜੈਤੋ, ਡਿਪਟੀ ਮੈਡੀਕਲ ਕਮਿਸ਼ਨਰ ਵਿਸ਼ਵਦੀਪ ਗੋਇਲ ਤੋਂ ਇਲਾਵਾ ਵੱਖ-ਵੱਖ ਐਨ.ਜੀ.ਓਜ਼ ਦੇ ਨੁਮਾਇੰਦੇ ਅਤੇ ਅਧਿਕਾਰੀ/ਕਰਮਚਾਰੀ ਹਾਜ਼ਰ ਸਨ।

## ਕਾਤਰਾਂ

### ਕੰਧ 'ਤੇ ਲਿਖਿਆ 'ਚਿੱਟਾ ਹੀ ਚਿੱਟਾ', ਪੁਲਸ ਹਰਕਤ 'ਚ




ਬਠਿੰਡਾ (ਪਰਵਿੰਦਰ ਜੀਤ ਸਿੰਘ)-ਜ਼ਿਲ੍ਹੇ 'ਚ ਪੰਜਾਬ-ਹਰਿਆਣਾ ਸਰਹੱਦ 'ਤੇ ਸਥਿਤ ਡੂਮਵਾਲੀ ਪਿੰਡ ਦੀ ਨਰਸਿੰਘ ਕਲੋਨੀ ਵਿੱਚ ਲਗਭਗ 400 ਦੇ ਕਰੀਬ ਪੁਲਸ ਮੁਲਾਜ਼ਮਾਂ ਵੱਲੋਂ ਘੇਰਾਬੰਦੀ ਤੇ ਤਲਾਸ਼ੀ ਅਭਿਆਨ (ਕਾਸੋ) ਚਲਾਏ ਜਾਣ ਦੇ ਮਹਿਜ਼ ਦੋ ਹਫ਼ਤਿਆਂ ਬਾਅਦ ਚਿੱਟੇ ਦੀ ਕਥਿਤ ਸੁਖਾਲੀ ਉਪਲਬਧਤਾ ਦਾ ਮੁੱਦਾ ਦੇਰ ਰਾਤ ਅਣਪਛਾਤੇ ਵਿਅਕਤੀਆਂ ਵੱਲੋਂ ਇੱਕ ਕੰਧ 'ਤੇ 'ਚਿੱਟਾ ਹੀ ਚਿੱਟਾ' ਲਿਖੇ ਜਾਣ ਨਾਲ ਫਿਰ ਚਰਚਾ ਵਿੱਚ ਆ ਗਿਆ ਹੈ। ਇਲਾਕੇ ਵਿੱਚ ਨਸ਼ੇ ਦੀ ਕਥਿਤ ਉਪਲਬਧਤਾ ਵੱਲ ਇਸ਼ਾਰਾ ਕਰਦਿਆਂ ਸੁਨੇਹੇ ਦੇ ਨਾਲ ਇੱਕ ਤੀਰ ਦਾ ਨਿਸ਼ਾਨ ਵੀ ਬਣਾਇਆ ਗਿਆ ਸੀ।ਇਲਾਕੇ ਦੀ ਇੱਕ ਔਰਤ ਨੇ ਦੋਸ਼ ਲਾਇਆ ਕਿ ਉਸ ਦਾ ਪੁੱਤ ਨਸ਼ੇ ਦਾ ਆਦੀ ਹੈ ਅਤੇ ਦਾਅਵਾ ਕੀਤਾ ਕਿ ਇਲਾਕੇ ਵਿੱਚ 'ਚਿੱਟਾ' ਆਸਾਨੀ ਨਾਲ ਮਿਲ ਜਾਂਦਾ ਹੈ।ਉਸ ਨੇ ਦੋਸ਼ ਲਾਇਆ ਕਿ ਜਦੋਂ ਪੁਲਸ ਮੁਲਾਜ਼ਮ ਸੂਚਨਾ ਮਿਲਣ ਤੋਂ ਬਾਅਦ ਛਾਪੇਮਾਰੀ ਕਰਦੇ ਹਨ, ਤਾਂ ਕੁੱਝ ਮੁਲਾਜ਼ਮ ਛਾਪੇਮਾਰੀ ਬਾਰੇ ਸ਼ੱਕੀ ਨਸ਼ਾ ਤਸਕਰਾਂ ਨੂੰ ਪਹਿਲਾਂ ਹੀ ਜਾਣਕਾਰੀ ਦੇ ਦਿੰਦੇ ਹਨ।ਹਾਲਾਂਕਿ ਉਸ ਨੇ ਨਸ਼ਿਆਂ ਦੀ ਸਮੱਸਿਆ ਨਾਲ ਨਜਿੱਠਣ ਲਈ ਕੁੱਝ ਪੁਲਸ ਮੁਲਾਜ਼ਮਾਂ ਵੱਲੋਂ ਕੀਤੇ ਜਾ ਰਹੇ ਯਤਨਾਂ ਦੀ ਸ਼ਲਾਘਾ ਵੀ ਕੀਤੀ। ਇਸੇ ਸਾਲ 10 ਅਕਤੂਬਰ ਨੂੰ ਬਠਿੰਡਾ ਰੇਂਜ ਦੇ ਡੀਆਈਜੀ ਹਰਜੀਤ ਸਿੰਘ ਨੇ ਐੱਸਐੱਸਪੀ ਸੁਹੇਲ ਕਾਸਿਮ ਮੀਰ ਤੇ ਵਧੀਕ ਡਿਪਟੀ ਕਮਿਸ਼ਨਰ ਕੰਚਨ ਨਾਲ ਮਿਲ ਕੇ ਸੰਗਤ ਪੁਲੀਸ ਥਾਣੇ ਦੇ ਅਧਿਕਾਰ ਖੇਤਰ ਹੇਠ ਆਉਂਦੀ ਨਰਸਿੰਘ ਕਾਲੋਨੀ ਵਿੱਚ ਤਲਾਸ਼ੀ ਅਭਿਆਨ ਦੀ ਅਗਵਾਈ ਕੀਤੀ ਸੀ।

### ਨਸ਼ੀਲੀਆਂ ਗੋਲੀਆਂ ਸਮੇਤ 4 ਕਾਬੂ

ਮਲੋਟ (ਰਜਿੰਦਰ ਜੁਨੇਜਾ)-ਜ਼ਿਲ੍ਹਾ ਪੁਲਿਸ ਵੱਲੋਂ ਨਸ਼ਾ ਵਿਰੋਧੀ ਮੁਹਿੰਮ ਤਹਿਤ ਕਾਰਵਾਈ ਕਰਦਿਆਂ ਵੱਖ-ਵੱਖ ਥਾਣਿਆਂ ਦੀ ਪੁਲਿਸ ਨੇ ਨਸ਼ੀਲੇ ਪਦਾਰਥਾਂ ਸਮੇਤ ਕੁੱਲ ਚਾਰ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਵਿਰੁੱਧ ਮਾਮਲਾ ਦਰਜ ਕੀਤਾ ਹੈ।ਪਹਿਲੇ ਮਾਮਲੇ ਵਿੱਚ ਥਾਣਾ ਲੰਬੀ ਦੀ ਪੁਲਿਸ ਪਾਰਟੀ ਨੇ ਗਸ਼ਤ ਦੌਰਾਨ ਦੋ ਵਿਅਕਤੀਆਂ ਨੂੰ ਸ਼ੱਕ ਦੇ ਆਧਾਰ 'ਤੇ ਰੋਕ ਕੇ ਜਦੋਂ ਉਨ੍ਹਾਂ ਦੀ ਤਲਾਸ਼ੀ ਲਈ, ਤਾਂ ਉਨ੍ਹਾਂ ਦੇ ਕਬਜ਼ੇ 'ਚੋਂ 100 ਨਸ਼ੀਲੀਆਂ ਗੋਲੀਆਂ ਬਰਾਮਦ ਹੋਈਆਂ।ਕਾਬੂ ਕੀਤੇ ਗਏ ਮੁਲਜ਼ਮਾਂ ਦੀ ਪਛਾਣ ਗਗਨਦੀਪ ਸਿੰਘ ਉਰਫ਼ ਗਗਨਾ ਤੇ ਸੰਤੋਖ ਸਿੰਘ ਉਰਫ਼ ਕਾਲੀ ਵਾਸੀ ਪਿੰਡ ਚੰਨੂ ਵਜੋਂ ਹੋਈ ਹੈ।ਦੂਜੇ ਮਾਮਲੇ 'ਚ ਥਾਣਾ ਲੰਬੀ ਦੀ ਪੁਲਿਸ ਪਾਰਟੀ ਮੰਡੀ ਕਿੱਲਿਆਂਵਾਲੀ ਵੱਲ ਜਾ ਰਹੀ ਸੀ ਤਾਂ ਰਸਤੇ 'ਚ ਬੈਠੇ ਇੱਕ ਨੌਜਵਾਨ 'ਤੇ ਸ਼ੱਕ ਪੈਣ 'ਤੇ ਉਸ ਨੂੰ ਕਾਬੂ ਕਰਕੇ ਤਲਾਸ਼ੀ ਲਈ ਗਈ।ਤਲਾਸ਼ੀ ਦੌਰਾਨ ਉਸ ਕੋਲੋਂ 40 ਨਸ਼ੀਲੀਆਂ ਗੋਲੀਆਂ ਬਰਾਮਦ ਕੀਤੀਆਂ ਗਈਆਂ।ਮੁਲਜ਼ਮ ਦੀ ਪਛਾਣ ਜੱਗਾ ਸਿੰਘ ਵਾਸੀ ਪਿੰਡ ਕਿੱਲਿਆਂਵਾਲੀ ਵਜੋਂ ਹੋਈ।ਇਸੇ ਤਰ੍ਹਾਂ ਤੀਜੇ ਮਾਮਲੇ ਵਿੱਚ ਥਾਣਾ ਸਦਰ ਮਲੋਟ ਦੀ ਪੁਲਿਸ ਨੇ ਗਸ਼ਤ ਦੌਰਾਨ ਇੱਕ ਵਿਅਕਤੀ ਨੂੰ ਕਾਬੂ ਕਰਕੇ ਉਸ ਕੋਲੋਂ 20 ਨਸ਼ੀਲੀਆਂ ਗੋਲੀਆਂ ਬਰਾਮਦ ਕੀਤੀਆਂ।ਫੜੇ ਗਏ ਵਿਅਕਤੀ ਦੀ ਪਛਾਣ ਗੁਰਜਿੰਦਰ ਸਿੰਘ ਵਾਸੀ ਪਿੰਡ ਤਰਖਾਣਵਾਲਾ ਵਜੋਂ ਦੱਸੀ ਗਈ ਹੈ।ਪੁਲਸ ਨੇ ਸਾਰੇ ਮੁਲਜ਼ਮਾਂ ਖ਼ਿਲਾਫ਼ ਮਾਮਲੇ ਦਰਜ ਕਰਕੇ ਅਗਲੇਰੀ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਮਲੋਟ ਤੇ ਲੰਬੀ 'ਚ ਮੀਂਹ ਤੇ ਗੜੇਮਾਰੀ ਨੇ ਮਚਾਈ ਤਬਾਹੀ



ਮਲੋਟ (ਰਜਿੰਦਰ ਜੁਨੇਜਾ)

ਮਲੋਟ ਤੇ ਲੰਬੀ ਹਲਕੇ ਦੇ ਕਈ ਪਿੰਡਾਂ ਅੰਦਰ ਅਚਾਨਕ ਮੌਸਮ ਦੇ ਬਦਲੇ ਮਿਜਾਜ਼ ਕਾਰਨ ਪਏ ਤੇਜ਼ ਮੀਂਹ ਤੇ ਗੜੇਮਾਰੀ ਨੇ ਕਿਸਾਨਾਂ ਦੇ ਸਾਹ ਸੂਤ ਦਿੱਤੇ ਹਨ।ਕੁੱਝ ਰੋਜ਼ ਪਹਿਲਾਂ ਹੋਈ ਬਰਸਾਤ ਤੋਂ ਬਾਅਦ ਹੁਣ ਪਏ ਗੜਿਆਂ ਨੇ ਖੇਤਾਂ ਵਿੱਚ ਵਾਢੀ ਲਈ ਤਿਆਰ ਖੜੀ ਝੋਨੇ ਦੀ ਫ਼ਸਲ ਦਾ ਭਾਰੀ ਨੁਕਸਾਨ ਕੀਤਾ ਹੈ। ਗੜਿਆਂ ਦੀ ਤੇਜ਼ ਮਾਰ ਕਾਰਨ ਪੱਕੀਆਂ ਮੁੰਜਰਾਂ ਵਿੱਚੋਂ ਦਾਣੇ ਝੜ ਕੇ ਜ਼ਮੀਨ 'ਤੇ ਵਿਛ ਗਏ ਹਨ।ਕਿਸਾਨਾਂ ਮੁਤਾਬਕ ਵੱਖ-ਵੱਖ ਥਾਵਾਂ 'ਤੇ ਲਗਭਗ 65 ਤੋਂ 75 ਫ਼ੀਸਦੀ ਤੱਕ ਖੜ੍ਹੀ ਫ਼ਸਲ ਬੁਰੀ ਤਰ੍ਹਾਂ ਪ੍ਰਭਾਵਤ ਹੋਈ ਹੈ, ਜਿਸ ਨਾਲ ਝਾੜ ਵਿੱਚ ਭਾਰੀ ਗਿਰਾਵਟ ਆਉਣ ਦਾ ਖ਼ਦਸ਼ਾ ਪੈਦਾ ਹੋ ਗਿਆ ਹੈ।ਪ੍ਰਾਪਤ ਵੇਰਵਿਆਂ ਅਨੁਸਾਰ ਦੋਵਾਂ ਹਲਕਿਆਂ ਦੇ ਪਿੰਡ ਫ਼ਤਿਹਪੁਰ ਮਣੀਆਂ, ਅਰਨੀਵਾਲਾ, ਆਧਣੀਆਂ, ਦਿਉਣ ਖੇੜਾ, ਲਾਲਬਾਈ, ਚੰਨੂੰ, ਬੀਦੋਵਾਲੀ ਤੇ ਮਾਨਾ ਸਮੇਤ ਦਰਜਨਾਂ ਪਿੰਡਾਂ ਵਿੱਚ ਫ਼ਸਲਾਂ ਦੇ ਦਰਮਿਆਨੇ ਤੋਂ ਵੱਡੇ ਪੱਧਰ 'ਤੇ ਖ਼ਰਾਬੇ ਦੀ ਸੂਚਨਾ ਹੈ।ਪਿੰਡ ਦਿਓਣ ਖੇੜਾ ਦੇ ਪ੍ਰਭਾਵਿਤ ਕਿਸਾਨ ਪਮਨਿੰਦਰ ਪਾਲ ਸਿੰਘ ਮਾਨ ਤੇ ਚੰਨੂੰ ਦੇ ਹਰਵਿੰਦਰ ਸਿੰਘ ਨੇ ਦਰਦ ਬਿਆਨ ਕਰਦਿਆਂ ਕਿਹਾ ਕਿ ਹਾਲੇ ਝੋਨੇ ਦੀ ਕਟਾਈ ਦਾ ਕੰਮ ਸ਼ੁਰੂਆਤੀ ਪੜਾਅ ਵਿੱਚ ਹੀ ਸੀ ਤੇ ਮਹਿਜ਼ 20 ਤੋਂ 25 ਫ਼ੀਸਦੀ ਵਾਢੀ ਹੀ ਹੋ ਸਕੀ ਸੀ।ਠੀਕ ਵਾਢੀ ਦੇ ਮੌਕੇ ਹੋਈ ਇਸ ਕੁਦਰਤੀ ਆਫ਼ਤ ਨੇ ਉਨ੍ਹਾਂ ਦੀ ਮਿਹਨਤ ਤੇ ਉਮੀਦਾਂ 'ਤੇ ਪਾਣੀ ਫੇਰ ਦਿੱਤਾ ਹੈ।ਖੇਤਾਂ ਵਿੱਚ ਪਾਣੀ ਭਰ ਜਾਣ ਅਤੇ ਫ਼ਸਲ ਦੇ ਭਿੱਜਣ ਕਾਰਨ ਹੁਣ ਕੰਬਾਈਨਾਂ ਨਾਲ ਵਾਢੀ ਦਾ ਕੰਮ ਵੀ ਕਾਫ਼ੀ ਪੱਛੜ ਜਾਵੇਗਾ।ਇਸ ਤੋਂ ਇਲਾਵਾ ਦਾਣਾ ਮੰਡੀਆਂ ਵਿੱਚ ਖੁੱਲ੍ਹੇ ਅਸਮਾਨ ਹੇਠ ਪਿਆ ਝੋਨਾ ਵੀ ਮੀਂਹ ਦੇ ਪਾਣੀ ਨਾਲ ਭਿੱਜ ਗਿਆ ਹੈ।ਕੁਦਰਤ ਦੀ ਦੋਹਰੀ ਮਾਰ ਝੱਲ ਰਹੇ ਕਿਸਾਨਾਂ ਨੇ ਪੰਜਾਬ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਤੋਂ ਪੁਰਜ਼ੋਰ ਮੰਗ ਕੀਤੀ ਹੈ ਕਿ ਖ਼ਰਾਬ ਹੋਈਆਂ ਫ਼ਸਲਾਂ ਦੀ ਤੁਰੰਤ ਵਿਸ਼ੇਸ਼ ਗਿਰਦਾਵਰੀ ਕਰਾਈ ਜਾਵੇ ਤਾਂ ਜੁ ਨੁਕਸਾਨ ਦਾ ਸਹੀ ਜਾਇਜ਼ਾ ਲੈ ਕੇ ਪੀੜਤ ਕਿਸਾਨਾਂ ਨੂੰ ਢੁੱਕਵਾਂ ਮੁਆਵਜ਼ਾ ਦਿੱਤਾ ਜਾ ਸਕੇ।

# ਪੁਲਸ ਨੇ ਅਗਵਾ ਕੀਤੇ ਵਿਅਕਤੀ ਦੇ ਕਤਲ ਦੀ ਗੁੱਥੀ ਸੁਲਝਾਉਣ ਦਾ ਕੀਤਾ ਦਾਅਵਾ

■ ਤਿੰਨ ਗ੍ਰਿਫ਼ਤਾਰ, ਮਾਮਲੇ ਦੀ ਜਾਂਚ ਜਾਰੀ



ਪਟਿਆਲਾ (ਰਾਜਿੰਦਰ ਸਿੰਘ ਥਿੰਦ)

ਇੱਕ ਵਿਅਕਤੀ ਨੂੰ ਅਗਵਾ ਕਰਕੇ ਕਤਲ ਕਰਨ ਦੀ ਵਾਰਦਾਤ ਦੇ ਤਿੰਨ ਦਿਨਾਂ ਬਾਅਦ ਪਟਿਆਲਾ ਪੁਲੀਸ ਨੇ ਤਿੰਨ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਕੇ ਇਸ ਕੇਸ ਦੀ ਗੁੱਥੀ ਸੁਲਝਾਉਣ ਦਾ ਦਾਅਵਾ ਕੀਤਾ ਹੈ।ਇਸ ਅਪਰਾਧ ਦੀ ਵੀਡੀਓ ਵਾਇਰਲ ਹੋ ਗਈ ਸੀ ਤੇ ਕਈ ਆਗੂਆਂ ਨੇ ਇਸ ਘਟਨਾ 'ਤੇ ਸਵਾਲ ਚੁੱਕੇ ਸਨ।ਡੀ ਐਸ ਪੀ ਫਤਿਹ ਸਿੰਘ ਬਰਾੜ ਨੇ ਦੱਸਿਆ ਕਿ ਕਤਲ ਦੇ ਦੋਸ਼ ਹੇਠ ਗੁਰਸੇਵਕ ਸਿੰਘ, ਸਹਿਜਵੀਰ ਸਿੰਘ ਤੇ ਜਗਜੀਤ ਸਿੰਘ ਦੀ ਪਛਾਣ ਕਰਕੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ।ਬਰਾੜ ਨੇ ਕਿਹਾ ਕਿ ਮ੍ਰਿਤਕ ਨਵਾਬ ਖਾਨ ਪਹਿਲਾਂ ਹੀ ਇੱਕ ਲੜਕੀ ਨੂੰ ਪ੍ਰੇਸ਼ਾਨ ਕਰਨ ਸਮੇਤ ਦੋ ਅਪਰਾਧਿਕ ਮਾਮਲਿਆਂ ਦਾ ਸਾਹਮਣਾ ਕਰ ਰਿਹਾ ਸੀ। ਜੇਲ੍ਹ ਤੋਂ ਬਾਹਰ ਆਉਣ ਮਗਰੋਂ ਉਸਨੇ ਵਿਦੇਸ਼ ਜਾ ਚੁੱਕੀ ਲੜਕੀ ਨੂੰ ਮੁੜ ਪ੍ਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ।ਪੀੜਤ ਲੜਕੀ ਨੇ ਆਪਣੇ ਭਰਾ ਸਹਿਜਵੀਰ ਸਿੰਘ ਨੂੰ ਇਸ ਬਾਰੇ ਦੱਸਿਆ।ਮੁਲਜ਼ਮਾਂ ਵੱਲੋਂ ਨਵਾਬ ਖਾਨ ਨੂੰ ਵਾਰ-ਵਾਰ ਰੋਕਣ ਦੇ ਬਾਵਜੂਦ, ਉਹ ਲੜਕੀ ਨੂੰ ਪਰੇਸ਼ਾਨ ਕਰਦਾ ਰਿਹਾ। ਸੀ.ਆਈ.ਏ ਦੇ ਇੰਚਾਰਜ ਅੰਕੁਰਦੀਪ ਸਿੰਘ ਨੇ ਦੱਸਿਆ ਕਿ ਪਿੰਡ ਡਕਾਲਾ ਦੇ ਰਹਿਣ ਵਾਲੇ ਨਵਾਬ ਖਾਨ ਨੂੰ ਸ਼ੁੱਕਰਵਾਰ ਦੁਪਹਿਰ ਕਰੀਬ 1.30 ਵਜੇ ਪਟਿਆਲਾ-ਸੰਗਰੂਰ ਰੋਡ 'ਤੇ ਇੱਕ ਪੈਟਰੋਲ ਪੰਪ ਕੋਲ ਉਸਦੇ ਮੋਟਰਸਾਈਕਲ ਨੂੰ ਇੱਕ ਐਸ ਯੂ ਵੀ ਵੱਲੋਂ ਜਾਣ-ਬੁੱਝ ਕੇ ਟੱਕਰ ਮਾਰਨ ਤੋਂ ਬਾਅਦ ਅਗਵਾ ਕਰ ਲਿਆ ਗਿਆ ਸੀ। ਅਗਵਾ ਕੀਤੇ ਵਿਅਕਤੀ ਦੀ ਲਾਸ਼ ਬਰਾਮਦ ਹੋਣ ਤੋਂ ਕੁਝ ਘੰਟਿਆਂ ਬਾਅਦ ਹੀ ਪੁਲਸ ਨੇ ਜਾਂਚ ਸ਼ੁਰੂ ਕਰ ਦਿੱਤੀ ਸੀ ਤੇ ਮੁਲਜ਼ਮਾਂ ਨੂੰ ਫੜਨ ਲਈ ਛਾਪੇਮਾਰੀ ਕੀਤੀ।ਪੁਲਸ ਨੂੰ ਸ਼ੱਕ ਹੈ ਕਿ ਮ੍ਰਿਤਕ, ਮੁਲਜ਼ਮਾਂ ਦੇ ਇੱਕ ਰਿਸ਼ਤੇਦਾਰ ਨੂੰ ਬਲੈਕਮੇਲ ਕਰ ਰਿਹਾ ਸੀ, ਜਿਸ ਕਾਰਨ ਇਹ ਵਾਰਦਾਤ ਵਾਪਰੀ।ਪੁਲਸ ਨੇ ਪੁਸ਼ਟੀ ਕੀਤੀ ਹੈ ਕਿ ਦੁਪਹਿਰ ਕਰੀਬ 1.45 ਵਜੇ ਪੈਟਰੋਲ ਪੰਪ ਕੋਲ ਗਲਤ ਦਿਸ਼ਾ ਤੋਂ ਆ ਰਹੀ ਇੱਕ ਗੱਡੀ ਨੇ ਪਿੰਡ ਡਕਾਲਾ ਦੇ ਰਹਿਣ ਵਾਲੇ ਨਵਾਬ ਖਾਨ ਨੂੰ ਸਿੱਧੀ ਟੱਕਰ ਮਾਰੀ।ਇਹ ਸਾਰੀ ਘਟਨਾ ਵਾਇਰਲ ਹੋ ਗਈ ਕਿਉਂਕਿ ਇਹ ਟੱਕਰ ਨੇੜੇ ਲੱਗੇ ਇੱਕ ਸੀ ਸੀ ਟੀ ਵੀ ਕੈਮਰੇ ਵਿੱਚ ਕੈਦ ਹੋ ਗਈ ਸੀ।ਪੁਲਸ ਨੇ ਦੱਸਿਆ ਕਿ ਕਾਰ ਸਵਾਰਾਂ ਨੇ ਬਾਅਦ ਵਿੱਚ ਖਾਨ ਨੂੰ ਜ਼ਬਰਦਸਤੀ ਗੱਡੀ ਵਿੱਚ ਸੁੱਟ ਲਿਆ।

ਮੌਕੇ 'ਤੇ ਖੜੇ ਇੱਕ ਵਿਅਕਤੀ ਨੇ ਉਸਦੀ ਵੀਡੀਓ ਵੀ ਬਣਾਈ, ਜਿਸ ਵਿੱਚ ਉਹ ਸਕਾਰਪੀਓ ਦੀ ਖਿੜਕੀ ਤੋਂ ਅੱਧਾ ਬਾਹਰ ਲਟਕ ਰਿਹਾ ਸੀ, ਜਦੋਂਕਿ ਗੱਡੀ ਸੰਗਰੂਰ ਵੱਲ ਜਾ ਰਹੀ ਸੀ।ਲਾਸ਼ ਬਾਅਦ ਵਿੱਚ ਸੰਗਰੂਰ ਜ਼ਿਲ੍ਹੇ ਦੇ ਕਾਲਾਝਾੜ ਵਿੱਚੋਂ ਬਰਾਮਦ ਹੋਈ।ਮੁੱਢਲੀ ਜਾਂਚ ਵਿੱਚ ਤੇਜ਼ਧਾਰ ਹਥਿਆਰਾਂ ਦੇ ਡੂੰਘੇ ਜ਼ਖ਼ਮ ਮਿਲੇ ਹਨ।ਇੱਕ ਸੀਨੀਅਰ ਪੁਲੀਸ ਅਧਿਕਾਰੀ ਨੇ ਦੱਸਿਆ ਕਿ ਸ਼ੁਰੂਆਤੀ ਜਾਂਚ ਤੋਂ ਪਤਾ ਲੱਗਾ ਹੈ ਕਿ ਮ੍ਰਿਤਕ, ਮੁਲਜ਼ਮਾਂ ਦੇ ਇੱਕ ਰਿਸ਼ਤੇਦਾਰ ਨੂੰ ਬਲੈਕਮੇਲ ਕਰ ਰਿਹਾ ਸੀ, ਜਿਸ ਕਾਰਨ ਕਥਿਤ ਤੌਰ 'ਤੇ ਇਹ ਕਤਲ ਹੋਇਆ।ਪਸਿਆਣਾ ਪੁਲਸ ਸਟੇਸ਼ਨ ਵਿੱਚ ਮਾਮਲਾ ਦਰਜ ਕਰ ਲਿਆ ਗਿਆ ਹੈ ਤੇ ਜਾਂਚ ਜਾਰੀ ਹੈ।

# ਝੋਟੇ ਦੇ ਕਤਲ ਵਿਰੁੱਧ ਅਕਾਲੀ ਦਲ ਵਾਰਿਸ ਪੰਜਾਬ ਵੱਲੋਂ ਝਾੜੂ ਫੂਕਿਆ



ਮੋਗਾ (ਇਕਬਾਲ ਸਿੰਘ ਖਹਿਰਾ)-ਅਕਾਲੀ ਦਲ ਵਾਰਿਸ ਪੰਜਾਬ ਦੇ ਭਾਈ ਗੁਰਮੀਤ ਸਿੰਘ ਬੁੱਕਣ ਵਾਲਾ ਵੱਲੋਂ ਇੰਨਸਾਫ ਮੋਰਚਾ ਮਾਨਸਾ ਦੇ ਸੱਦੇ 'ਤੇ ਪਿੰਡ ਦੁੱਨੇਕੇ ਵਿਖੇ ਝਾੜੂ ਸਾੜ ਕੇ ਰੋਸ ਪ੍ਰਦਰਸ਼ਨ ਕਰਦਿਆਂ ਰੋਹ ਭਰਪੂਰ ਨਾਅਰੇਬਾਜ਼ੀ ਕਰਦਿਆਂ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੇ ਅਸਤੀਫ਼ੇ ਦੀ ਮੰਗ ਕੀਤੀ। ਇਸ ਮੌਕੇ ਸੰਬੋਧਨ ਕਰਦਿਆਂ ਭਾਈ ਤਰਨਦੀਪ ਸਿੰਘ ਦਵਿੰਦਰ ਸਿੰਘ ਰਣੀਆ ਅਤੇ ਜਗਜਿੰਦਰ ਸਿੰਘ ਬੁੱਕਣ ਵਾਲਾ ਨੇ ਕਿਹਾ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਿਆਂ ਸਾਢੇ ਚਾਰ ਸਾਲ ਤੋਂ ਵਧੇਰੇ ਸਮਾਂ ਬੀਤ ਗਿਆ ਹੈ ਜਦੋਂ ਕਿ ਸੱਤਾ ਵਿੱਚ ਆਉਣ ਤੋਂ ਪਹਿਲਾਂ ਪੰਜਾਬ ਚੋਂ ਨਸ਼ਾ ਖਤਮ ਕਰਨ ਦੇ ਦਮ ਗਜੇ ਮਾਰੇ ਜਾ ਰਹੇ ਸਨ ਪਰ ਇੰਨਾ ਸਮਾਂ ਬੀਤ ਜਾਣ ਦੇ ਬਾਅਦ ਵੀ ਹਰ ਪਿੰਡ ਹਰ ਸ਼ਹਿਰ ਵਿੱਚ ਧੜੱਲੇ ਨਾਲ ਨਸ਼ਾ ਵਿਕ ਰਿਹਾ ਹੈ ਜਿਸ ਨੂੰ ਕਾਬੂ ਕਰਨ ਵਿੱਚ ਆਮ ਆਦਮੀ ਪਾਰਟੀ ਸਰਕਾਰ ਬੁਰੀ ਤਰ੍ਹਾਂ ਅਸਫਲ ਰਹੀ ਹੈ। ਇਸ ਮੌਕੇ ਸੁਖਦੀਪ ਸਿੰਘ, ਜਸਕਰਨ ਸਿੰਘ, ਤਿਰਲੋਕ ਸਿੰਘ, ਨਿਰਮਲ ਸਿੰਘ ਕੋਰੇ ਵਾਲਾ, ਮਲਕੀਤ ਸਿੰਘ ਕਾਲੀਏ ਵਾਲਾ ਸਾਰੇ ਸਰਕਲ ਪ੍ਰਧਾਨ, ਹਰਜੀਵਨ ਸਿੰਘ, ਜਗਜੀਤ ਸਿੰਘ, ਮਾਸਟਰ ਸਵਿੰਦਰ ਸਿੰਘ, ਗੁਰਜੀਤ ਸਿੰਘ, ਬਲਦੇਵ ਸਿੰਘ,ਓਮਕਾਰ ਸਿੰਘ, ਯੂਥ ਆਗੂ ਜਗਪ੍ਰੀਤ ਸਿੰਘ,ਅਜੀਤਪਾਲ ਸਿੰਘ, ਦਫਤਰ ਇੰਚਾਰਜ ਅਰਸ਼ਦੀਪ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿਚ ਵਰਕਰ ਸ਼ਾਮਲ ਸਨ।

# ਮੇਜਰ ਸਿੰਘ ਸੰਧੂ ਨਾਲ ਰੂਬਰੂ ਤੇ ਸਨਮਾਨ ਸਮਾਗਮ



ਜ਼ੀਰਾ (ਨਰਿੰਦਰ ਅਨੇਜਾ)

ਸਾਹਿਤ ਸਭਾ ਵੱਲੋਂ ਸਾਹਿਤਕਾਰ ਦਲਜੀਤ ਰਾਏ ਕਾਲੀਆ ਦੀ ਪ੍ਰਧਾਨਗੀ ਹੇਠ ਸਭਾ ਦੇ ਬਾਨੀ ਮੈਂਬਰ ਅਤੇ ਸਾਬਕਾ ਪ੍ਰਧਾਨ, ਉੱਘੇ ਸਾਹਿਤਕਾਰ ਮੇਜਰ ਸਿੰਘ ਸੰਧੂ ਨੂੰ ਸਨਮਾਨਤ ਕੀਤਾ ਗਿਆ।ਉਨ੍ਹਾਂ ਆਪਣੇ ਸਾਹਿਤਕ ਸਫਰ ਬਾਰੇ ਹਾਜ਼ਰੀਨ ਨੂੰ ਦੱਸਿਆ ਕਿ ਉਨ੍ਹਾਂ ਨੇ ਮੈਟ੍ਰਿਕ ਦੀ ਪੜ੍ਹਾਈ ਤੱਕ ਰਸੂਲ ਹਮਜ਼ਾਤੋਵ ਦਾ ਮੇਰਾ ਦਾਗਿਸਤਾਨ, ਟਾਲਸਟਾਏ ,ਜਸਵੰਤ ਸਿੰਘ ਕੰਵਲ, ਬਲਵੰਤ ਗਾਰਗੀ ਦੁਆਰਾ ਰਚਿਤ ਬਹੁਤ ਸਾਰਾ ਸਾਹਿਤ ਪੜ੍ਹ ਲਿਆ ਸੀ।ਉਨ੍ਹਾਂ ਦੱਸਿਆ ਕਿ ਉਹਨਾਂ ਦੀ ਪਹਿਲੀ ਕਹਾਣੀ ਅੱਠਵੀਂ ਜਮਾਤ ਵਿੱਚ ਪੜ੍ਹਦਿਆਂ ਹੀ ਇੱਕ ਸਪਤਾਹਿਕ ਪਰਚੇ ਵਿੱਚ ਛਪ ਗਈ ਸੀ, ਜਿਸ ਨਾਲ ਉਨ੍ਹਾਂ ਦਾ ਉਤਸ਼ਾਹ ਬਹੁਤ ਵਧਿਆ ਅਤੇ 1978 ਦੇ ਆਸ ਪਾਸ ਉਹ ਸਾਹਿਤ ਸਭਾ ਜ਼ੀਰਾ ਨਾਲ ਜੁੜ ਗਏ।ਉੱਘੇ ਸਾਹਿਤਕਾਰ, ਚਿੰਤਕ ਗੁਰਚਰਨ ਸਿੰਘ ਨੂਰਪੁਰ ਨੇ ਉਹਨਾਂ ਨਾਲ ਜੁੜੀਆਂ ਯਾਦਾਂ ਸਾਂਝੀਆਂ ਕੀਤਾ। ਸਮਾਗਮ ਦੌਰਾਨ ਸ਼੍ਰੋਮਣੀ ਪੰਜਾਬੀ ਕਵੀ ਅਜਾਇਬ ਸਿੰਘ ਹੁੰਦਲ ਜੀ ਦੇ ਅਕਾਲ ਚਲਾਣੇ 'ਤੇ ਦੋ ਮਿੰਟ ਦਾ ਮੌਨ ਧਾਰਨ ਕਰਕੇ ਵਿਛੜੀ ਰੂਹ ਨੂੰ ਸ਼ਰਧਾਂਜਲੀ ਦਿੱਤੀ ਗਈ ਤੇ ਦੁਖੀ ਪਰਿਵਾਰ ਨਾਲ ਸੰਵੇਦਨਾ ਪ੍ਰਗਟਾਈ ਗਈ।ਮੀਟਿੰਗ ਵਿੱਚ ਹਰ ਤਿੰਨ ਮਹੀਨੇ ਬਾਅਦ ਇੱਕ ਸਾਹਿਤਕਾਰ ਨਾਲ ਰੂਬਰੂ ਕਰਨ ਬਾਰੇ ਫੈਸਲਾ ਲਿਆ ਗਿਆ।

ਰਚਨਾਵਾਂ ਦੇ ਦੌਰ ਦੀ ਸ਼ੁਰੂਆਤ ਤਾਰਾ ਸਿੰਘ ਫੌਜੀ ਨੇ ਰਿਸ਼ਤਾ ਕਵਿਤਾ ਨਾਲ ਕੀਤੀ।ਮੁਖਤਿਆਰ ਸਿੰਘ ਬਰਾੜ ਨੇ ਗੀਤ 'ਦਿਲ 'ਤੇ ਲੱਗੇ ਫੱਟ ਦਿਖਾਵਾਂ' ਪੇਸ਼ ਕੀਤਾ।ਹੀਰਾ ਲਾਲ ਮਰਖਾਈ ਨੇ ਹਰ ਚੀਜ਼ ਵਿੱਚ ਜ਼ਹਿਰ ਮਿਲੀ ਹੋਣ ਬਾਰੇ ਲੇਖ ਸੁਣਾ ਕੇ ਹਾਜ਼ਰੀ ਲਵਾਈ।ਹਰੀ ਦਾਸ ਚੌਹਾਨ, ਸੁਖਰਾਜ ਜੀਰਾ, ਦਲਜੀਤ ਰਾਏ ਕਾਲੀਆ ਨੇ ਕਵਿਤਾਵਾਂ ਪੇਸ਼ ਕੀਤੀਆਂ।ਲੈਕਚਰਾਰ ਨਰਿੰਦਰ ਸਿੰਘ ਥਿੰਦ ਨੇ ਸਿੱਖਿਆ ਬਾਰੇ ਨਿਬੰਧ ਪੇਸ਼ ਕੀਤਾ।ਗੁਰਚਰਨ ਸਿੰਘ ਨੂਰਪੁਰ ਨੇ ਕਵਿਤਾ, ਹਰਬੰਸ ਸਿੰਘ ਗੈਦੂ ਨੇ ਗੀਤ, ਦਲਜੀਤ ਸਿੰਘ ਕੁੱਸੂਵਾਲੀਆ ਨੇ ਕਵਿਤਾ, ਦੀਪ ਜੀਰਵੀ ਨੇ 'ਮੈਂ ਸੋਚਿਆ' ਕਾਵਿ ਰਚਨਾ ਨਾਲ ਹਾਜ਼ਰੀ ਲਵਾਈ।ਸਨਮਾਨਤ ਸ਼ਖ਼ਸ਼ੀਅਤ ਮੇਜਰ ਸਿੰਘ ਸੰਧੂ ਨੇ ਕੁਝ ਕਵਿਤਾਵਾਂ ਅਤੇ ਸ਼ੁਰਲੀਆਂ ਪੇਸ਼ ਕਰਕੇ ਮਾਹੌਲ ਨੂੰ ਸਾਹਿਤਕ ਰੰਗ ਵਿੱਚ ਬੰਨਿਆ।ਸਮਾਗਮ ਵਿੱਚ ਸਾਹਿਤਕਾਰ ਪ੍ਰਦੀਪ ਅਲੀਪੁਰ, ਮਨਦੀਪ ਸਿੰਘ ਮਲਸੀਹਾਂ, ਮੁਖਤਿਆਰ ਸਿੰਘ ਪਨੇਸਰ ਪ੍ਰਦੀਪ ਸਿੰਘ ਹਾਜ਼ਰ ਸਨ।ਮੰਚ ਸੰਚਾਲਨ ਸਭਾ ਦੇ ਜਨਰਲ ਸਕੱਤਰ ਕਾਲਾ ਬੇਰੀ ਵਾਲਾ ਨੇ ਬਾਖੂਬੀ ਕੀਤਾ।

# ਫ਼ੌਜ ਦੇ ਟਰੱਕ ਨਾਲ ਮਹਿੰਦਰਾ ਪਿੱਕਅੱਪ ਦੀ ਟੱਕਰ, ਆਰਮੀ ਜਵਾਨ ਜ਼ਖ਼ਮੀ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)-ਫ਼ਿਰੋਜ਼ਪੁਰ-ਫ਼ਰੀਦਕੋਟ ਮਾਰਗ 'ਤੇ ਇਕ ਸੜਕ ਹਾਦਸਾ ਵਾਪਰਨ ਦਾ ਮਾਮਲਾ ਸਾਹਮਣੇ ਆਇਆ ਹੈ। ਹਾਦਸੇ ਵਿਚ ਫੌਜ ਦੇ ਟਰੱਕ ਅਤੇ ਮਹਿੰਦਰਾ ਪਿੱਕਅੱਪ ਦੀ ਟੱਕਰ ਵਿਚ ਇਕ ਆਰਮੀ ਦਾ ਜਵਾਨ ਜ਼ਖ਼ਮੀ ਹੋ ਗਿਆ। ਥਾਣਾ ਕੁੱਲਗੜ੍ਹੀ ਪੁਲਸ ਨੇ ਮਹਿੰਦਰਾ ਪਿੱਕਅੱਪ ਦੇ ਡਰਾਈਵਰ ਖਿਲਾਫ 281, 125(1), 125(2), 324(4) ਬੀਐੱਨਐੱਸ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਸ਼ਿਕਾਇਤਕਰਤਾ ਨਾਇਕ ਐੱਮਟੀ ਅਕਸ਼ੈ ਕੁਮਾਰ ਨੇ ਦੱਸਿਆ ਕਿ 23 ਅਤੇ 24 ਅਕਤੂਬਰ 2026 ਦੀ ਦਰਮਿਆਨੀ ਰਾਤ ਨੂੰ ਕਰੀਬ 12.35 ਵਜੇ ਫ਼ੌਜ ਦੀ ਗੱਡੀ (ਟਰੱਕ) ਫ਼ਿਰੋਜ਼ਪੁਰ ਕੈਂਟ ਤੋਂ ਫ਼ਰੀਦਕੋਟ ਵੱਲ ਜਾ ਰਹੀ ਸੀ। ਜਦੋਂ ਇਹ ਰੁਕਨਾ ਮੁੰਗਲਾ ਨਹਿਰ ਪਾਰ ਕਰਕੇ ਥੋੜ੍ਹਾ ਅੱਗੇ ਪਹੁੰਚੀ, ਤਾਂ ਫ਼ਰੀਦਕੋਟ ਵਾਲੀ ਸਾਈਡ ਤੋਂ ਆ ਰਹੀ ਇਕ ਮਹਿੰਦਰਾ ਪਿਕਅੱਪ ਗੱਡੀ ਨੰਬਰ ਪੀਬੀ 22 ਵਾਈ 9628 ਦੇ ਅਣਪਛਾਤੇ ਡਰਾਈਵਰ ਨੇ ਗੱਡੀ ਨੂੰ ਲਾਪਰਵਾਹੀ ਅਤੇ ਤੇਜ਼ ਰਫ਼ਤਾਰ ਨਾਲ ਚਲਾਉਂਦਿਆਂ ਗਲਤ ਸਾਈਡ ਲਿਆ ਕੇ ਫ਼ੌਜ ਦੇ ਟਰੱਕ ਵਿਚ ਸਿੱਧੀ ਟੱਕਰ ਮਾਰ ਦਿੱਤੀ। ਨਾਇਕ ਐੱਮਟੀ ਅਕਸ਼ੈ ਕੁਮਾਰ ਨੇ ਦੱਸਿਆ ਕਿ ਇਸ ਹਾਦਸੇ ਵਿਚ ਉਸ ਦੀ ਸੱਜੀ ਲੱਤ ਦੇ ਗੋਡੇ ਤੇ ਲੱਕ 'ਤੇ ਗੰਭੀਰ ਸੱਟਾਂ ਲੱਗੀਆਂ। ਨਾਇਕ ਐੱਮਟੀ ਅਕਸ਼ੈ ਕੁਮਾਰ ਨੇ ਦੱਸਿਆ ਕਿ ਇਸ ਹਾਦਸੇ ਤੋਂ ਤੁਰੰਤ ਬਾਅਦ ਸਾਥੀ ਫ਼ੌਜੀ ਕ੍ਰਮਚਾਰੀਆਂ ਵੱਲੋਂ ਉਸ ਨੂੰ ਇਲਾਜ ਲਈ 159 ਜੀਐੱਚ ਆਰਮੀ ਹਸਪਤਾਲ ਫ਼ਿਰੋਜ਼ਪੁਰ ਕੈਂਟ ਵਿਖੇ ਦਾਖ਼ਲ ਕਰਾਇਆ ਗਿਆ। ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਮਲਕੀਤ ਕੁਮਾਰ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਮਹਿੰਦਰਾ ਪਿੱਕਅੱਪ ਗੱਡੀ ਦੇ ਅਣਪਛਾਤੇ ਡਰਾਈਵਰ ਖਿਲਾਫ ਮਾਮਲਾ ਦਰਜ ਕਰਕੇ ਅੱਗੇ ਦੀ ਕਾਰਵਾਈ ਕੀਤੀ ਜਾ ਰਹੀ ਹੈ।

# ਮੈਡੀਕਲ ਹਾਲ ਦੇ ਮੁਲਾਜ਼ਮ ਗੁਰਪ੍ਰੀਤ ਸਿੰਘ ਵੱਲੋਂ ਇਨਸਾਫ਼ ਦੀ ਮੰਗ



ਜਲਾਲਾਬਾਦ (ਬਲਵਿੰਦਰ ਸਿੰਘ)

ਮੰਡੀ ਅਰਨੀਵਾਲਾ ਸ਼ੇਖ਼ ਸੁਭਾਨ ਦੇ ਬਾਲਾ ਜੀ ਮੈਡੀਕਲ ਨਾਲ ਸਬੰਧਤ ਮੁਲਾਜ਼ਮ ਗੁਰਪ੍ਰੀਤ ਸਿੰਘ ਨੇ ਡਰੱਗ ਇੰਸਪੈਕਟਰ ਤੇ ਕੁੱਝ ਮੈਡੀਕਲ ਐਸੋਸੀਏਸ਼ਨ ਦੇ ਅਹੁਦੇਦਾਰਾਂ 'ਤੇ ਗੰਭੀਰ ਦੋਸ਼ ਲਾਉਂਦਿਆਂ ਇਨਸਾਫ਼ ਦੀ ਮੰਗ ਕੀਤੀ ਹੈ।ਮੀਡੀਆ ਤੇ ਪੰਜਾਬ ਸਿਹਤ ਵਿਭਾਗ ਦੇ ਉੱਚ ਅਧਿਕਾਰੀਆਂ ਨੂੰ ਭੇਜੀਆਂ ਲਿਖਤੀ ਸ਼ਿਕਾਇਤਾਂ ਵਿੱਚ ਪੀੜਤ ਗੁਰਪ੍ਰੀਤ ਸਿੰਘ ਨੇ ਕਥਿਤ ਦੋਸ਼ ਲਾਉਂਦੇ ਹੋਏ ਕਿਹਾ ਕਿ ਅਰਨੀਵਾਲਾ ਮੈਡੀਕਲ ਐਸੋਸੀਏਸ਼ਨ ਦੇ ਪ੍ਰਧਾਨ ਤੇ ਕੁੱਝ ਹੋਰ ਮੈਡੀਕਲ ਸੰਚਾਲਕਾਂ ਦੀ ਵੀ ਮਿਲੀਭੁਗਤ ਨਾਲ ਡਰੱਗਜ਼ ਇੰਸਪੈਕਟਰ ਨੂੰ ਤੇ ਉਸ ਦੇ ਕਲਰਕ ਨੂੰ ਕਥਿਤ ਰਿਸ਼ਵਤ ਨਾ ਦੇਣ ਤੋਂ ਇਨਕਾਰ ਕਰਨ ਮਗਰੋਂ ਉਸ ਦੇ ਵਿਰੁੱਧ ਐਨ.ਡੀ.ਪੀ.ਐਸ ਐਕਟ ਤਹਿਤ ਮਾਮਲਾ ਦਰਜ ਕਰਾ ਦਿੱਤਾ ਗਿਆ।

ਗੁਰਪ੍ਰੀਤ ਸਿੰਘ ਨੇ ਆਖਿਆ ਕਿ ਕਿ ਕਥਿਤ ਤੌਰ 'ਤੇ ਰਿਸ਼ਵਤ ਮੰਗੇ ਜਾਣ ਸਮੇਂ ਉਸ ਵੱਲੋਂ ਕੁੱਝ ਰਿਕਾਰਡਿੰਗ ਕੀਤੀਆਂ ਗਈਆਂ ਸਨਠ ਉਸ ਦੇ ਵੱਲੋਂ ਇਨਸਾਫ਼ ਦੀ ਮੰਗ ਲਈ ਰਿਕਾਰਡਿੰਗ ਸਰਕਾਰ ਦੀ ਹੈਲਪ ਲਾਈਨ 'ਤੇ ਭੇਜੀਆਂ ਗਈਆਂ ਸਨ, ਜਿਸ ਤੇ ਬਾਅਦ ਵਿਜੀਲੈਂਸ ਵਿਭਾਗ ਵੱਲੋਂ ਉਸ ਦੇ ਬਿਆਨ ਵੀ ਦਰਜ ਕੀਤੇ ਗਏ ਸਨ ਤੇ ਸਿਵਲ ਸਰਜਨ ਵੱਲੋਂ ਕੋਈ ਬਿਆਨ ਦਰਜ ਨਹੀਂ ਕੀਤੇ ਗਏ ਸਨ, ਪਰ ਡਰੱਗਜ਼ ਇੰਸਪੈਕਟਰ ਸਣੇ ਦਲਾਲਾਂ ਦੇ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਗਈ।ਸ਼ਿਕਾਇਤਕਰਤਾ ਨੇ ਦੱਸਿਆ ਕਿ ਉਸ ਵੱਲੋਂ ਕਮਿਸ਼ਨਰੇਟ ਫੂਡ ਐਂਡ ਡਰੱਗ ਐਡਮਨਿਸਟਰੇਸ਼ਨ, ਪੰਜਾਬ ਦੇ ਡਰੱਗ ਵਿੰਗ ਕੋਲ ਵੀ ਸ਼ਿਕਾਇਤ ਦਰਜ ਕਰਾਈ ਗਈ ਸੀ। ਸ਼ਿਕਾਇਤ 'ਤੇ ਜਾਂਚ ਕਰਨ ਲਈ ਸਿਵਲ ਸਰਜਨ ਮੋਗਾ ਨੂੰ 21 ਦਿਨਾਂ ਦੇ ਅੰਦਰ ਪੜਤਾਲ ਦੀ ਰਿਪੋਰਟ ਕਰਨ ਲਈ ਕਿਹਾ ਗਿਆ ਸੀ, ਪਰ ਉਸ ਨੂੰ ਅਜੇ ਤੱਕ ਜਾਂਚ ਲਈ ਦਫ਼ਤਰ ਨਹੀਂ ਬੁਲਾਇਆ ਗਿਆ ਤੇ ਉਸ ਨੂੰ ਲੱਗ ਰਿਹਾ ਉਸ ਦੀ ਕਾਰਵਾਈ ਠੰਢੇ ਬਸਤੇ 'ਚ ਪਾ ਦਿੱਤੀ ਗਈ ਹੈ।

ਗੁਰਪ੍ਰੀਤ ਸਿੰਘ ਨੇ ਸਬੰਧਿਤ ਵਿਭਾਗਾਂ ਦੇ ਉੱਚ ਅਧਿਕਾਰੀਆਂ ਤੋਂ ਮੰਗ ਕੀਤੀ ਹੈ ਕਿ ਉਸ ਦੀ ਸ਼ਿਕਾਇਤ 'ਤੇ ਸਬੰਧਤ ਵਿਅਕਤੀਆਂ ਵਿਰੁੱਧ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ।ਦੋਸ਼ਾਂ 'ਚ ਘਿਰੇ ਮੰਡੀ ਅਰਨੀਵਾਲਾ ਮੈਡੀਕਲ ਐਸੋਸੀਏਸ਼ਨ ਦੇ ਪ੍ਰਧਾਨ ਰਾਜਿੰਦਰ ਨਾਲ ਗੱਲਬਾਤ ਕਰਕੇ ਉਨ੍ਹਾਂ ਦੇ ਕੋਲੋਂ ਗੁਰਪ੍ਰੀਤ ਸਿੰਘ ਵੱਲੋਂ ਲਾਏ ਗਏ ਦੋਸ਼ਾਂ ਦੇ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਨੇ ਵਿਜੀਲੈਂਸ ਵਿਭਾਗ ਕੋਲ ਕੇਸ ਹੋਣ ਦਾ ਹਵਾਲਾ ਦਿੱਤਾ ਗਿਆ, ਜਦੋਂ ਉਨ੍ਹਾਂ ਦੇ ਕੋਲੋਂ ਪ੍ਰਤੀਨਿਧੀ ਦੇ ਵੱਲੋਂ ਪੁੱਛਿਆ ਗਿਆ ਕਿ ਜੋ ਰਿਕਾਰਡਿੰਗ ਦੇ ਬਾਰੇ ਪੁੱਛਿਆ ਤਾਂ ਉਨ੍ਹਾਂ ਨੇ ਕੋਈ ਜਵਾਬ ਨਹੀਂ ਦਿੱਤਾ ਤੇ ਫ਼ੋਨ ਕੱਟ ਦਿੱਤਾ।

ਸਿਵਲ ਸਰਜਨ ਮੋਗਾ ਡਾ. ਉਪਿੰਦਰ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਡਰੱਗਜ਼ ਇੰਸਪੈਕਟਰ ਰਵੀ ਗੁਪਤਾ ਦੇ ਮਾਮਲੇ 'ਚ ਜਾਂਚ ਚੱਲ ਰਹੀ ਹੈ, ਜੋ ਤੱਥ ਸਾਹਮਣੇ ਆਉਣਗੇ ਉਸ ਦੇ ਮੁਤਾਬਿਕ ਉੱਚ ਅਧਿਕਾਰੀਆਂ ਨੂੰ ਰਿਪੋਰਟ ਭੇਜ ਦਿੱਤੀ ਜਾਵੇਗੀ।

# ਫੜ੍ਹੀ ਵਾਲਿਆਂ ਨੂੰ ਬਦਲਵੇਂ ਪ੍ਰਬੰਧ ਤੱਕ ਮੌਜੂਦਾ ਜਗ੍ਹਾ ਤੋਂ ਨਾ ਹਟਾਇਆ ਜਾਵੇ : ਵਿਜੇ ਧੀਰ



ਮੋਗਾ (ਇਕਬਾਲ ਸਿੰਘ ਖਹਿਰਾ)

ਮੈਜਿਸਟਿਕ ਚੌਂਕ ਤੋਂ ਲੈ ਕੇ ਨੀਵਾਂ ਪੁਲ ਵੱਲ ਨੂੰ ਜਾਂਦੇ ਫੁੱਟਪਾਥ ਨੇੜੇ ਘੰਟਾ ਘਰ ਚੌਂਕ ਦੇ ਨੇੜੇ ਪੁਰਾਣੇ ਕੱਪੜੇ ਵੇਚਣ ਵਾਲੇ ਤੇ ਫੁੱਟਪਾਥ 'ਤੇ ਫੜੀ ਲਾ ਕੇ ਰੁਜ਼ਗਾਰ ਕਮਾਉਣ ਵਾਲੇ ਗਰੀਬਾਂ ਦਾ ਸਹਾਰਾ ਇੱਕ ਵਾਰ ਫਿਰ ਮਾਲਵੇ ਦੇ ਉੱਘੇ ਮਜ਼ਦੂਰ ਆਗੂ ਵਿਜੇ ਧੀਰ ਐਡਵੋਕੇਟ ਬਣੇ ਜਦੋਂ ਐਤਵਾਰ ਨੂੰ ਉਨ੍ਹਾਂ ਅਤੇ ਮੋਗਾ ਦੀ ਆਵਾਜ਼ ਰਕੇਸ਼ ਸਿਤਾਰਾ ਦੀ ਅਗਵਾਈ ਵਿੱਚ ਵੱਖ-ਵੱਖ ਮਜ਼ਦੂਰ ਜਥੇਬੰਦੀਆਂ ਦੇ ਆਗੂਆਂ ਨੇ ਵੱਡੀ ਗਿਣਤੀ ਵਿੱਚ ਹਾਜ਼ਰ ਫੜੀ ਵਾਲਿਆਂ ਦੇ ਨਾਲ ਨਗਰ ਨਿਗਮ ਮੇਅਰ ਵਿਨੇਪਾਲ ਕੌਰ ਨੂੰ ਇੱਕ ਮੰਗ ਪੱਤਰ ਸੌਂਪਿਆ। ਮੰਗ ਪੱਤਰ ਵਿੱਚ ਕਿਹਾ ਕਿ ਇੰਨਾ ਫੜੀ ਵਾਲਿਆਂ ਜਿਨਾਂ ਨੂੰ ਸਟਰੀਟ ਵੈਂਡਰਸ ਐਕਟ 2014 ਦੀ ਧਾਰਾ 4 (1) ਤਹਿਤ ਸਮਾਰਟ ਕਾਰਡ ਨਗਰ ਨਿਗਮ ਵੱਲੋਂ ਦਿੱਤੇ ਜਾ ਚੁੱਕੇ ਹਨ ਨੂੰ ਮੌਜੂਦਾ ਜਗਹਾ ਤੋਂ ਉਨੀ ਦੇਰ ਤੱਕ ਉਠਾਇਆ ਨਹੀਂ ਜਾ ਸਕਦਾ ਜਿੰਨੀ ਦੇਰ ਤੱਕ ਇਨ੍ਹਾ ਨੂੰ ਉਕਤ ਕਾਨੂੰਨ ਦੀ ਧਾਰਾ 6 (2) ਤਹਿਤ ਵੈਂਡਿੰਗ ਜੋਨ ਵਿੱਚ ਫੜੀਆਂ ਲਾਉਣ ਲਈ ਜਗਹਾ ਅਲਾਟ ਨਹੀਂ ਹੋ ਜਾਂਦੀ ਹੈ। ਮੰਗ ਪੱਤਰ ਨਾਲ 46 ਸਮਾਰਟ ਕਾਰਡ ਧਾਰਕਾਂ ਦੀ ਲਿਸਟ ਵੀ ਸੌਂਪੀ ਗਈ ਹੈ। ਮਜ਼ਦੂਰ ਆਗੂ ਵਿਜੇ ਧੀਰ ਐਡਵੋਕੇਟ ਨੇ ਜਾਣਕਾਰੀ ਦਿੰਦਿਆਂ ਮੇਅਰ ਸਾਹਿਬਾ ਵਿਨੇ ਪਾਲ ਕੌਰ ਦੇ ਨਿੱਘੇ ਅਤੇ ਮਿੱਠੇ ਸੁਭਾਅ ਦੀ ਤਰੀਫ ਕਰਦਿਆਂ ਕਿਹਾ ਕਿ ਮੇਅਰ ਸਾਹਿਬਾਂ ਨੇ ਬੜੇ ਗੌਰ ਨਾਲ ਗਰੀਬ ਫੜੀ ਵਾਲਿਆਂ ਦੀ ਸਮੱਸਿਆ ਸੁਣੀ ਅਤੇ ਭਰੋਸਾ ਦਿੱਤਾ ਕਿ ਯੋਗ ਬਦਲਵੇਂ ਪ੍ਰਬੰਧ ਕੀਤੇ ਬਗੈਰ ਇਨ੍ਹਾਂ ਫੜੀ ਵਾਲਿਆਂ ਨੂੰ ਇਨ੍ਹਾਂ ਦੀ ਮੌਜੂਦਾ ਜਗਾ ਤੋਂ ਕਿਸੇ ਕੀਮਤ 'ਤੇ ਉਠਾਇਆ ਨਹੀਂ ਜਾਵੇਗਾ।ਮੰਗ ਪੱਤਰ ਦੇਣ ਵਾਲਿਆਂ ਵਿੱਚ ਪੱਲੇਦਾਰਾਂ ਦੇ ਰਾਸ਼ਟਰ ਪੱਧਰੀ ਆਗੂ ਸਾਬਕਾ ਮੈਂਬਰ ਪਾਰਲੀਮੈਂਟ ਕੇਵਲ ਸਿੰਘ ਲੰਡੇ ਕੇ, ਮਿਊਂਸਪਲ ਇੰਪਲਾਈਜ਼ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਮਦਨ ਲਾਲ ਬੋਹਤ, ਕ੍ਰਾਂਤੀਕਾਰੀ ਭੱਠਾ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਪ੍ਰਵੀਨ ਕੁਮਾਰ ਸ਼ਰਮਾ, ਐਲ ਪੀ ਜੀ ਗੈਸ ਸਪਲਾਈ ਵਰਕਰਜ਼ ਯੂਨੀਅਨ ਦੇ ਪ੍ਰਧਾਨ ਰਾਮ ਬਚਨ ਰਾਓ, ਘਰੇਲੂ ਸੇਵਕ ਯੂਨੀਅਨ ਦੀ ਜ਼ਿਲਾ ਪ੍ਰਧਾਨ ਮਨਦੀਪ ਸ਼ਰਮਾ, ਉੱਘੇ ਗਊ ਸੇਵਕ ਅਤੇ ਅਤੇ ਖੱਤਰੀ ਅਰੋੜਾ ਵੈਲਫੇਅਰ ਬੋਰਡ ਤੇ ਜਿਲਾ ਚੇਅਰਮੈਨ ਵਿਕਾਸ ਕਪੂਰ, ਈ ਰਿਕਸ਼ਾ ਮਜ਼ਦੂਰ ਸੰਘ ਦੇ ਜਨਰਲ ਸਕੱਤਰ ਮੇਜਰ ਸਿੰਘ ਲੰਡੇ ਕੇ, ਮਜ਼ਦੂਰ ਆਗੂ ਨਿਖਿਲ ਬਾਂਸਲ, ਸਤਨਾਮ ਸਿੰਘ ਸੰਧੂ ਦੁਨੇ ਕੇ ਸਰਕਲ ਪ੍ਰਧਾਨ ਅਕਾਲੀ ਦਲ, ਸੋਨੀਆ, ਵਿੱਕੀ ਕੁਮਾਰ, ਸ਼ਾਮ ਲਾਲ, ਜਸਵੰਤ, ਦੇਵਾ, ਕਮਲ ਕੁਮਾਰ, ਵਿੱਕੀ, ਦੇਵ ਦਾਸ, ਨਾਨਕ ਤੋਂ ਇਲਾਵਾ ਭਾਰੀ ਗਿਣਤੀ ਵਿੱਚ ਮਜ਼ਦੂਰ ਹਾਜ਼ਰ ਸਨ।

# ਪੁਸਤਕ 'ਸਰਮਾਇਆ-ਹਮਾਰੇ ਬਜ਼ੁਰਗ' ਦੇ ਕਵਰ ਦਾ ਲੋਕ ਅਰਪਣ



ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)

ਬਜ਼ੁਰਗਾਂ ਦੀ ਸਿਆਣਪ ਤੇ ਵਿਰਾਸਤ ਨੂੰ ਸਮਰਪਿਤ ਆਉਣ ਵਾਲੀ ਪੁਸਤਕ 'ਸਰਮਾਇਆ 'ਹਮਾਰੇ ਬਜ਼ੁਰਗ' ਦੇ ਕਵਰ ਦਾ ਸ਼ਨੀਵਾਰ ਸ਼ਾਮ ਫਿਰੋਜ਼ਪੁਰ ਵਿਖੇ ਲੋਕ ਅਰਪਣ ਕੀਤਾ ਗਿਆ। ਵਿਵੇਕਾਨੰਦ ਵਰਲਡ ਸਕੂਲ ਦੇ ਡਾਇਰੈਕਟਰ ਡਾ. ਐੱਸ.ਐੱਨ. ਰੁਦਰਾ ਨੇ ਦੱਸਿਆ ਕਿ ਪੁਸਤਕ ਦੇ ਕਵਰ ਦਾ ਲੋਕ ਅਰਪਣ ਪ੍ਰਸਿੱਧ ਸਿੱਖਿਆ ਸ਼ਾਸਤਰੀ ਅਤੇ ਡੀ.ਸੀ.ਐੱਮ. ਗਰੁੱਪ ਆਫ਼ ਸਕੂਲਜ਼ ਦੀ ਡਾਇਰੈਕਟਰ ਕਾਂਤਾ ਗੁਪਤਾ ਤੇ ਵਿਵੇਕਾਨੰਦ ਵਰਲਡ ਸਕੂਲ ਤੇ ਵਿਵੇਕਾਨੰਦ ਜੂਨੀਅਰ ਦੀ ਪੈਟਰਨ-ਇਨ-ਚੀਫ਼ ਪ੍ਰਭਾ ਭਾਸਕਰ ਵੱਲੋਂ ਸਾਂਝੇ ਤੌਰ 'ਤੇ ਕੀਤਾ ਗਿਆ।

ਸਮਾਗਮ ਬਾਰਬਾਡੋਸ ਵਿਖੇ ਪ੍ਰਭਾ ਭਾਸਕਰ ਦੇ 79ਵੇਂ ਜਨਮ ਦਿਨ ਦੇ ਮੌਕੇ 'ਤੇ ਆਯੋਜਤ ਇਕੱਠ ਦੌਰਾਨ ਹੋਇਆ। ਇਸ ਮੌਕੇ ਲਖਬੀਰ ਸਿੰਘ, ਪੀ.ਪੀ.ਐੱਸ., ਜਸਵਿੰਦਰ ਕੌਰ, ਵਰਿੰਦਰ ਮੋਹਨ ਸਿੰਗਲਾ, ਸੀ.ਏ. ਤੇ ਚੇਅਰਮੈਨ, ਜੈਨੇਸਿਸ ਇੰਸਟੀਚਿਊਟ ਆਫ਼ ਡੈਂਟਲ ਸਾਇੰਸ ਐਂਡ ਰਿਸਰਚ, ਮੀਨਾਕਸ਼ੀ ਸਿੰਗਲਾ, ਸੰਜਨਾ ਮਿੱਤਲ, ਨਵਿਤਾ ਸਿੰਗਲਾ, ਗਗਨਦੀਪ ਸਿੰਗਲਾ, ਸੀ.ਏ., ਪ੍ਰਫੁੱਲ ਦੇਵੀ, ਝਲਕੇਸ਼ਵਰ ਭਾਸਕਰ, ਪ੍ਰਤਿਭਾ ਭਾਸਕਰ, ਡੌਲੀ ਭਾਸਕਰ ਤੇ ਪ੍ਰੋ. ਗੁਰਤੇਜ ਕੋਹਾਰਵਾਲਾ ਨੇ ਵੀ ਆਪਣੀ ਹਾਜ਼ਰੀ ਨਾਲ ਸਮਾਗਮ ਦੀ ਸ਼ੋਭਾ ਵਧਾਈ। ਵਿਵੇਕਾਨੰਦ ਵਰਲਡ ਸਕੂਲ ਦੇ ਚੇਅਰਮੈਨ ਡਾ. ਗੌਰਵ ਸਾਗਰ ਭਾਸਕਰ ਵੱਲੋਂ ਲਿਖੀ ਗਈ ਇਹ ਪੁਸਤਕ ਉਨ੍ਹਾਂ ਦੇ ਅਸਲ ਜੀਵਨ ਅਨੁਭਵਾਂ 'ਤੇ ਆਧਾਰਤ ਹੈ, ਜਿਸ ਵਿੱਚ ਉਨ੍ਹਾਂ ਦੇ ਪਰਿਵਾਰ ਵੱਲੋਂ ਸਾਹਮਣਾ ਕੀਤੀਆਂ ਮੁਸ਼ਕਲਾਂ, ਸੰਘਰਸ਼ਾਂ ਤੇ ਰੁਕਾਵਟਾਂ ਦਾ ਵਰਣਨ ਕੀਤਾ ਗਿਆ ਹੈ। ਇਨ੍ਹਾਂ ਨਿੱਜੀ ਅਨੁਭਵਾਂ ਰਾਹੀਂ ਪੁਸਤਕ ਉਨ੍ਹਾਂ ਕੁਰਬਾਨੀਆਂ, ਹੌਸਲੇ ਤੇ ਜੀਵਨ ਦੀਆਂ ਸਿੱਖਿਆਵਾਂ ਨੂੰ ਉਜਾਗਰ ਕਰਦੀ ਹੈ, ਜੋ ਪਰਵਾਰਕ ਕਦਰਾਂ-ਕੀਮਤਾਂ ਨੂੰ ਮਜ਼ਬੂਤ ਬਣਾਉਂਦੀਆਂ ਹਨ ਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਸਹੀ ਦਿਸ਼ਾ ਪ੍ਰਦਾਨ ਕਰਦੀਆਂ ਹਨ। ਡਾ. ਰੁਦਰਾ ਨੇ ਬਜ਼ੁਰਗਾਂ ਦੇ ਜੀਵਨ ਅਨੁਭਵਾਂ ਤੇ ਉਨ੍ਹਾਂ ਦੇ ਯੋਗਦਾਨ ਨੂੰ ਲਿਖਤੀ ਰੂਪ ਵਿੱਚ ਸੰਭਾਲਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਅਜੋਕੇ ਸਮੇਂ ਵਿੱਚ ਬਦਲਦੀ ਜੀਵਨ ਸ਼ੈਲੀ ਤੇ ਪੀੜ੍ਹੀਆਂ ਵਿਚਕਾਰ ਵਧ ਰਹੇ ਅੰਤਰ ਕਾਰਨ ਪਰਿਵਾਰਕ ਰਿਸ਼ਤੇ ਕਮਜ਼ੋਰ ਹੋ ਸਕਦੇ ਹਨ। ਅਜਿਹੀਆਂ ਸਾਹਿਤਕ ਰਚਨਾਵਾਂ ਨੌਜਵਾਨ ਪੀੜ੍ਹੀ ਨੂੰ ਪਿਛਲੀਆਂ ਪੀੜ੍ਹੀਆਂ ਦੇ ਸੰਘਰਸ਼ਾਂ ਅਤੇ ਕੁਰਬਾਨੀਆਂ ਨੂੰ ਸਮਝਣ ਦੇ ਨਾਲ-ਨਾਲ ਉਨ੍ਹਾਂ ਕਦਰਾਂ-ਕੀਮਤਾਂ ਦੀ ਮਹੱਤਤਾ ਜਾਣਨ ਵਿੱਚ ਮਦਦ ਕਰਦੀਆਂ ਹਨ, ਜੋ ਪਰਵਾਰ ਅਤੇ ਸਮਾਜ ਨੂੰ ਇਕਜੁੱਟ ਰੱਖਦੀਆਂ ਹਨ। ਪ੍ਰੋ. ਗੁਰਤੇਜ ਕੋਹਾਰਵਾਲਾ ਨੇ ਨਿੱਜੀ ਅਨੁਭਵਾਂ ਅਤੇ ਜੀਵਨ ਸਫ਼ਰ ਨੂੰ ਲਿਖਤੀ ਰੂਪ ਵਿੱਚ ਦਰਜ ਕਰਨ ਦੀ ਮਹੱਤਤਾ ਬਾਰੇ ਚਾਨਣਾ ਪਾਉਂਦਿਆਂ ਕਿਹਾ ਕਿ ਅਸਲ ਜੀਵਨ ਦੇ ਸੰਘਰਸ਼ਾਂ ਤੋਂ ਪ੍ਰਾਪਤ ਸਿੱਖਿਆ ਦੂਜਿਆਂ ਨੂੰ ਆਪਣੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਸਹੀ ਰਾਹ ਦਿਖਾ ਸਕਦੀ ਹੈ। ਉਨ੍ਹਾਂ ਜ਼ੋਰ ਦਿੱਤਾ ਕਿ ਮੁਸ਼ਕਲਾਂ, ਲਗਨ ਤੇ ਦ੍ਰਿੜ੍ਹ ਇਰਾਦਿਆਂ ਨਾਲ ਜੁੜੇ ਅਨੁਭਵ ਸਾਂਝੇ ਕਰਨ ਨਾਲ ਆਉਣ ਵਾਲੀਆਂ ਪੀੜ੍ਹੀਆਂ ਨੂੰ ਕੀਮਤੀ ਸੇਧ ਮਿਲ ਸਕਦੀ ਹੈ ਤੇ ਉਹ ਜੀਵਨ ਦੀਆਂ ਔਕੜਾਂ ਦਾ ਵਧੇਰੇ ਸਮਝਦਾਰੀ ਅਤੇ ਹੌਸਲੇ ਨਾਲ ਸਾਹਮਣਾ ਕਰਨ ਦੇ ਯੋਗ ਬਣ ਸਕਦੀਆਂ ਹਨ। ਇਹ ਪੁਸਤਕ ਪਾਠਕਾਂ ਨੂੰ ਪਰਿਵਾਰਕ ਰਿਸ਼ਤਿਆਂ, ਮੁਸ਼ਕਲ ਹਾਲਾਤ ਵਿੱਚ ਦ੍ਰਿੜ੍ਹਤਾ ਤੇ ਜੀਵਨ ਅਨੁਭਵਾਂ ਰਾਹੀਂ ਪ੍ਰਾਪਤ ਹੋਈ ਸਿਆਣਪ ਬਾਰੇ ਵਿਚਾਰ ਕਰਨ ਲਈ ਪ੍ਰੇਰਿਤ ਕਰਦੀ ਹੈ। ਲੇਖਕ ਦੇ ਨਿੱਜੀ ਅਤੇ ਪਰਿਵਾਰਕ ਜੀਵਨ ਸਫ਼ਰ ਨੂੰ ਸਾਂਝਾ ਕਰਦਿਆਂ 'ਸਰਮਾਇਆ-ਹਮਾਰੇ ਬਜ਼ੁਰਗ' ਦਾ ਉਦੇਸ਼ ਪਾਠਕਾਂ ਨੂੰ ਆਪਣੀਆਂ ਜੜ੍ਹਾਂ ਨਾਲ ਜੁੜੇ ਰਹਿਣ, ਪਿਛਲੀਆਂ ਪੀੜ੍ਹੀਆਂ ਦੀਆਂ ਕੁਰਬਾਨੀਆਂ ਨੂੰ ਪਛਾਣਨ ਅਤੇ ਭਵਿੱਖ ਲਈ ਕਦਰਾਂ-ਕੀਮਤਾਂ, ਹਮਦਰਦੀ ਤੇ ਹੌਸਲੇ ਦੀ ਵਿਰਾਸਤ ਨੂੰ ਸੰਭਾਲ ਕੇ ਰੱਖਣ ਲਈ ਪ੍ਰੇਰਤ ਕਰਨਾ ਹੈ।

# 'ਬਦਲਾਅ' ਪੰਜਾਬ ਲਈ ਸਿਰਫ਼ ਨਾਅਰਾ ਨਹੀਂ, ਸਗੋਂ ਲੋਕਾਂ ਨਾਲ ਕੀਤੀ ਵਚਨਬੱਧਤਾ ਸੀ : ਡਾ. ਮਿੰਕੂ ਜਵੰਧਾ



ਭਵਾਨੀਗੜ੍ਹ (ਰਾਜ ਖੁਰਮੀ)

ਪੰਜਾਬ ਵਿੱਚ ਬਦਲਾਅ ਦਾ ਨਾਅਰਾ ਸਿਰਫ਼ ਸਿਆਸੀ ਨਾਅਰਾ ਨਹੀਂ, ਸਗੋਂ ਸੂਬੇ ਦੇ ਲੋਕਾਂ ਨਾਲ ਕੀਤੀ ਗਈ ਇੱਕ ਵੱਡੀ ਵਚਨਬੱਧਤਾ ਸੀ, ਜਿਸ ਨੂੰ ਪੂਰਾ ਕਰਨ ਲਈ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਲਗਾਤਾਰ ਯਤਨ ਕਰ ਰਹੀ ਹੈ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਪੰਜਾਬ ਇਨਫੋਟੈਕ ਦੇ ਚੇਅਰਮੈਨ ਡਾ. ਗੁਨਿੰਦਰਜੀਤ ਸਿੰਘ ਮਿੰਕੂ ਜਵੰਧਾ ਨੇ ਕਰਦਿਆਂ ਕਿਹਾ ਕਿ ਸਾਲ 2022 ਵਿੱਚ ਸੂਬੇ ਦੀ ਸੱਤਾ ਸੰਭਾਲਣ ਵਾਲੀ ਮਾਨ ਸਰਕਾਰ ਨੇ ਪੰਜਾਬ ਦੇ ਲੋਕਾਂ ਵਿੱਚ ਨਵੀਂ ਉਮੀਦ ਜਗਾਈ ਹੈ ਤੇ ਸੂਬੇ ਨੂੰ ਵਿਕਾਸ ਦੀਆਂ ਨਵੀਆਂ ਲੀਹਾਂ 'ਤੇ ਲਿਜਾਣ ਦਾ ਯਤਨ ਕੀਤਾ ਹੈ।ਡਾ. ਜਵੰਧਾ ਨੇ ਕਿਹਾ ਕਿ ਪੰਜਾਬ ਦੇ ਲੋਕ ਪਿਛਲੇ ਲੰਮੇ ਸਮੇਂ ਤੋਂ ਅਜਿਹੇ ਬਦਲਾਅ ਦੀ ਉਡੀਕ ਕਰ ਰਹੇ ਸਨ, ਜਿਸ ਨਾਲ ਆਮ ਪਰਿਵਾਰਾਂ ਦੀਆਂ ਸਮੱਸਿਆਵਾਂ ਦਾ ਹੱਲ ਹੋਵੇ ਤੇ ਹਰ ਵਰਗ ਦੇ ਜੀਵਨ ਪੱਧਰ ਵਿੱਚ ਸੁਧਾਰ ਆਵੇ।ਉਨ੍ਹਾਂ ਕਿਹਾ ਕਿ ਕਿਸੇ ਵੀ ਸਰਕਾਰ ਦੀ ਅਸਲ ਸਫ਼ਲਤਾ ਉਸ ਦੇ ਦਾਅਵਿਆਂ ਨਾਲ ਨਹੀਂ, ਸਗੋਂ ਲੋਕਾਂ ਨੂੰ ਮਿਲਣ ਵਾਲੀਆਂ ਸਹੂਲਤਾਂ ਤੇ ਉਨ੍ਹਾਂ ਦੇ ਜੀਵਨ ਵਿੱਚ ਆਉਣ ਵਾਲੇ ਸੁਧਾਰਾਂ ਨਾਲ ਮਾਪੀ ਜਾਂਦੀ ਹੈ।ਉਨ੍ਹਾਂ ਕਿਹਾ ਕਿ ਸਿੱਖਿਆ, ਸਿਹਤ, ਬਿਜਲੀ ਤੇ ਲੋਕ ਭਲਾਈ ਦੇ ਖੇਤਰਾਂ ਵਿੱਚ ਮਾਨ ਸਰਕਾਰ ਵੱਲੋਂ ਕੀਤੇ ਜਾ ਰਹੇ ਕੰਮ ਇਸੇ ਦਿਸ਼ਾ ਵਿੱਚ ਅਹਿਮ ਕਦਮ ਹਨ।ਸਰਕਾਰ ਦਾ ਉਦੇਸ਼ ਸਿਰਫ਼ ਪ੍ਰਸ਼ਾਸਨ ਚਲਾਉਣਾ ਨਹੀਂ, ਬਲਕਿ ਆਮ ਲੋਕਾਂ ਦੀਆਂ ਮੁਸ਼ਕਲਾਂ ਨੂੰ ਸਮਝਣਾ, ਉਨ੍ਹਾਂ ਦਾ ਹੱਲ ਕਰਨਾ ਤੇ ਸਰਕਾਰੀ ਸਹੂਲਤਾਂ ਨੂੰ ਲੋਕਾਂ ਤੱਕ ਪੁਚਾਉਣਾ ਵੀ ਹੈ।ਪੰਜਾਬ ਇਨਫੋਟੈਕ ਦੇ ਚੇਅਰਮੈਨ ਨੇ ਕਿਹਾ ਕਿ ਸੂਬੇ ਦੀ ਤਰੱਕੀ ਲਈ ਵਿਕਾਸ ਕਾਰਜਾਂ ਦੀ ਨਿਰੰਤਰਤਾ ਬਹੁਤ ਜ਼ਰੂਰੀ ਹੈ।ਸਰਕਾਰ ਦੀਆਂ ਨੀਤੀਆਂ ਦਾ ਲਾਭ ਸਮਾਜ ਦੇ ਹਰ ਵਰਗ ਤੱਕ ਪੁਚਾਉਣਾ, ਨੌਜਵਾਨਾਂ ਲਈ ਰੁਜ਼ਗਾਰ ਤੇ ਬਿਹਤਰ ਭਵਿੱਖ ਦੇ ਮੌਕੇ ਪੈਦਾ ਕਰਨਾ ਅਤੇ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਮੁਹੱਈਆ ਕਰਾਉਣਾ ਸਮੇਂ ਦੀ ਮੁੱਖ ਲੋੜ ਹੈ।

ਉਨ੍ਹਾਂ ਕਿਹਾ ਕਿ ਜਦੋਂ ਸਰਕਾਰੀ ਯੋਜਨਾਵਾਂ ਦਾ ਲਾਭ ਆਮ ਲੋਕਾਂ ਤੱਕ ਪਹੁੰਚਦਾ ਹੈ ਤਾਂ ਲੋਕਾਂ ਦਾ ਪ੍ਰਸ਼ਾਸਨ ਪ੍ਰਤੀ ਭਰੋਸਾ ਹੋਰ ਮਜ਼ਬੂਤ ਹੁੰਦਾ ਹੈ।ਡਾ. ਮਿੰਕੂ ਜਵੰਧਾ ਨੇ ਕਿਹਾ ਕਿ ਪੰਜਾਬ ਨੂੰ ਮੁੜ ਰੰਗਲਾ ਪੰਜਾਬ ਬਣਾਉਣ ਦਾ ਸੁਪਨਾ ਸਾਕਾਰ ਕਰਨ ਲਈ ਸਰਕਾਰ ਦੇ ਨਾਲ-ਨਾਲ ਸਮਾਜ ਦੇ ਹਰ ਵਰਗ ਦੀ ਭੂਮਿਕਾ ਵੀ ਅਹਿਮ ਹੈ।ਉਨ੍ਹਾਂ ਕਿਹਾ ਕਿ ਵਿਕਾਸ, ਖੁਸ਼ਹਾਲੀ ਤੇ ਲੋਕ ਭਲਾਈ ਨੂੰ ਕੇਂਦਰ ਵਿੱਚ ਰੱਖ ਕੇ ਕੀਤੇ ਜਾਣ ਵਾਲੇ ਯਤਨਾਂ ਨਾਲ ਹੀ ਪੰਜਾਬ ਨੂੰ ਹੋਰ ਤਰੱਕੀ ਦੀਆਂ ਲੀਹਾਂ 'ਤੇ ਲਿਜਾਇਆ ਜਾ ਸਕਦਾ ਹੈ।

